SATJUG
1920 ਤੋਂ ਸਾਲ 99 ਵਾਂ

Price:Rs.5/-

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੬ ਤੋਂ ੩੧ ਸਾਉਣ 2076 ਬ੍ਰਿ.
1 To 15 August July 2019

ਜਿਲਦ 27
ਨੰਬਰ 13
Total Pages 48



Sri Satguru Jagjit Singh Ji Elibrary NamdhariElibrary@gmail.com

Date of Publication: 15-8-2019,
Date of Posting: 16-17 Aug. 2019

RNI NO. 55658/93 Delhi Postal Regd. No. DL(W) 01/2055/18-20

ਮਾਸਟਰ ਦਰਸ਼ਨ ਸਿੰਘ ਜੀ ਦੇ ਅੰਤਿਮ ਦਰਸ਼ਨ ਅਤੇ ਸਸਕਾਰ ਸਮੇਂ ਦੀਆਂ ਤਸਵੀਰਾਂ

1-8-2019, ਸ੍ਰੀ ਭੈਣੀ ਸਾਹਿਬ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com

ਧੰਨੁ-ਧੰਨੁ ਸੋ ਗੁਰਸਿਖੁ ਕਹੀਐ....

ਗੁਰਮਤਿ ਅਤੇ ਗੁਰਬਾਣੀ ਗਿਆਨ ਦੇ ਮਹਾਨ ਵਿਦਵਾਨ, ਗੁਰੂ ਚਰਨਾ ਦੇ ਪ੍ਰੀਤਵਾਨ ਅਤੇ ਸਿਦਕੀ ਸਿੱਖ-

ਨਾਮਧਾਰੀ ਪੰਥ ਦੇ ਅਨਮੋਲ ਰਤਨ
ਮਾਸਟਰ ਦਰਸ਼ਨ ਸਿੰਘ ਜੀ

ਆਪਣੀ ਜੀਵਨ ਯਾਤਰਾ ਸੰਪੂਰਨ ਕਰਕੇ 31 ਜੁਲਾਈ 2019 ਰਾਤ ਕ੍ਰੀਬ 10:30 ਵਜੇ ਗੁਰੂ ਚਰਨਾ ਵਿੱਚ ਜਾ ਬਿਰਾਜੇ। ਮਾਸਟਰ ਜੀ ਆਪਣੇ ਲੜਕੇ ਹੀਰਾ ਸਿੰਘ ਪਾਸ ਚੰਡੀਗੜ ਗਏ ਹੋਏ ਸਨ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਪੰਚਕੂਲਾ ਵਿਖੇ ਪਾਰਸ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਮੇਜਰ ਅਟੈਕ ਸੀ, ਬਾਈਪਾਸ ਸਰਜਰੀ ਹੋਈ, ਡਾਕਟਰਾਂ ਦੇ ਬਹੁਤ ਯਤਨ ਕਰਨ ਤੇ ਵੀ ਸੇਹਤ ਸੁਧਾਰ ਨਾ ਹੋਇਆ। 30 ਜੁਲਾਈ ਰਾਤ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਨਾਲ ਡਾ. ਰਵਨਿੰਦਰ ਸਿੰਘ ਕੂਕਾ (ਹਾਰਟ ਸਰਜਨ) ਲੈ ਕੇ ਪਤਾ ਲੈਣ ਗਏ, ਪਰ ਉਸ ਵੇਲੇ ਮਾਸਟਰ ਜੀ ਵੈਂਟੀਲੇਟਰ ਤੇ ਸਨ, ਹਾਲਾਤ ਗੰਭੀਰ ਸੀ। 31 ਜੁਲਾਈ ਰਾਤ ਕ੍ਰੀਬ 10:30 ਵਜੇ ਸਚਖੰਡ ਗੁਰੂ ਚਰਨਾ ਵਿਚ ਜਾ ਬਿਰਾਜੇ। 1 ਅਗਸਤ ਸ਼ਾਮ ਨੂੰ ਚਾਰ ਤੋਂ ਪੰਜ ਵਜੇ ਦਰਮਿਆਨ ਮਾਸਟਰ ਜੀ ਦੀ ਦੇਹ ਦਾ ਅੰਤਮ ਸੰਸਕਾਰ ਸ੍ਰੀ ਭੈਣੀ ਸਾਹਿਬ ਹੋਇਆ। ਮਾਸਟਰ ਜੀ ਦੀ ਅੰਤਮ ਵਿਦਾਇਗੀ ਸਮੇਂ ਇਲਾਕਾ ਜੀਵਨ ਨਗਰ ਵਿਚੋਂ ਆਪ ਦੇ ਪ੍ਰਵਾਰ ਅਤੇ ਸਨਬੰਧੀਆਂ ਤੋਂ ਇਲਾਵਾ, ਚੰਡੀਗੜ, ਲੁਧਿਆਣਾ, ਜਲੰਧਰ, ਫਗਵਾੜਾ, ਮੰਡੀ (ਹਿਮਾਚਲ), ਯਮੁਨਾ ਨਗਰ ਆਦਿ ਸ਼ਹਿਰਾਂ ਦੀ ਨਾਮਧਾਰੀ ਸੰਗਤ ਵੱਡੀ ਗਿਣਤੀ ਵਿਚ ਸ਼ਾਮਲ ਹੋਈ। 11 ਅਗਸਤ ਨੂੰ ਮਾਸਟਰ ਜੀ ਦੇ ਭੋਗ ਉਪਰੰਤ ਸਤਿਜੁਗ ਦਾ ਅਗਲਾ ਪਰਚਾ ਵਿਸ਼ੇਸ਼ ਕਰਕੇ ਮਾਸਟਰ ਦਰਸ਼ਨ ਸਿੰਘ ਜੀ ਨੂੰ ਸਮਰਪਿਤ ਹੋਵੇਗਾ।

Sri Satguru Jagjit Singh Ji Elibrary NamdhariElibrary@gmail.com

ਸਤਿਜੁਗ

੧੬ ਤੋਂ ੩੧ ਸਾਉਣ ੨੦੭੬ ਬ੍ਰਿ.
1 ਤੋਂ 15 ਅਗਸਤ 2019 ਈ:
ਜਿਲਦ 27, ਵੀਰਵਾਰ ਨੰਬਰ 13

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.

Date of Publication: 15-8-2019,
Date of Posting: 16-17 Aug. 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310
ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ Usd ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$Usd ਡਾਲਰ

Designed and Typeset
Vishav Namdhari sangat, Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

ਤਤਕਰਾ

* ਸੰਪਾਦਕੀ-- ਸੰਪੂਰਨ ਸੁਤੰਤਰਤਾ ਦਾ ਸੰਕਲਪ- ਅਜੇ ਅਧੂਰਾ
ਹਰਪਾਲ ਸਿੰਘ ਸੇਵਕ..4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................6
* ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ 7
* ਸਾਮਰਾਜ, ਪੰਜਾਬ ਦਾ ਬਟਵਾਰਾ ਅਤੇ ਇਨਸਾਨੀਅਤ
ਸਵਰਨ ਸਿੰਘ ਵਿਰਕ 8
* ਕਿੱਥੇ ਹੈ ਉਹ ਪੰਜਾਬ? (ਕਵਿਤਾ)
ਡਾ.ਗੁਰਚਰਨ ਸਿੰਘ ਔਲਖ 16
* ਰਾਇਕੋਟ ਦਾ ਸ਼ਹੀਦੀ ਸਾਕਾ
ਅਜੀਤ ਸਿੰਘ ਲਾਇਲ 17
* The Indian Freedom Family
A.S Panesar 25
* *A Saga Of Sri Satguru Jagjit Singh ji*
Dr. Sharada Jayagovind..............................35
* ਕਾਵਿ ਕਿਆਰੀ 36
* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ.......................37
* ਸੁੱਚੇ ਮੋਤੀ 38
* ਬੱਚਿਆਂ ਦਾ ਪੰਨਾ..39
* ਖ਼ਬਰਨਾਮਾ..40

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ।   ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਸੰਪੂਰਨ ਸੁਤੰਤਰਤਾ ਦਾ ਸੰਕਲਪ–
ਅਜੇ ਅਧੂਰਾ

ਸ੍ਵੈਤੰਤਰਤਾ, ਆਜ਼ਾਦੀ ਕੇਵਲ ਮਨੁੱਖ ਮਾਤ੍ਰ ਦਾ ਹੀ ਨਹੀਂ, ਸਗੋਂ ਹਰ ਜੀਵ-ਮਾਤ੍ਰ ਦਾ ਮੁੱਢਲਾ ਅਧਿਕਾਰ ਹੈ। ਹਰ ਕੋਈ ਆਜ਼ਾਦੀ ਨਾਲ ਜੀਊਣਾ ਚਾਹੁੰਦਾ ਹੈ ਇਸੇ ਲਈ ਮਨੁੱਖ ਆਦਿ ਕਾਲ ਤੋਂ ਹੀ ਆਜ਼ਾਦੀ ਲਈ ਸੰਘਰਸ਼ ਕਰਦਾ ਰਿਹਾ ਹੈ। ਆਜ਼ਾਦੀ ਸੰਘਰਸ਼ ਦਾ ਇਤਿਹਾਸ ਵੀ ਮਨੁੱਖੀ ਸੱਭਿਅਤਾ ਜੇਡਾ ਪੁਰਾਣਾ ਹੀ ਹੈ। ਸੁਤੰਤਰਤਾ ਦੇ ਸੰਕਲਪ ਨੂੰ ਸਮਝਣ ਲਈ ਮਨੁੱਖੀ ਮਾਨਸਿਕਤਾ ਨੂੰ ਸਮਝ ਦੀ ਲੋੜ ਹੈ।

ਆਰੰਭ ਵਿਚ ਮਨੁੱਖ ਜੰਗਲੀ ਜਾਨਵਰਾਂ, ਪਸ਼ੂਆਂ ਵਾਂਗ ਜੰਗਲਾਂ-ਬੇਲਿਆਂ ਅਤੇ ਪਹਾੜਾਂ ਦੀਆਂ ਖੁੰਦਰਾਂ ਵਿਚ ਹੀ ਰਹਿੰਦਾ ਸੀ। ਬੁੱਧੀ ਦਾ ਅਜੇ ਵਿਕਾਸ ਨਹੀਂ ਸੀ ਹੋਇਆ। ਮਨੁੱਖ ਦਾ ਰਹਿਣ-ਸਹਿਣ ਅਤੇ ਸੁਭਾਅ ਪਸ਼ੂਆਂ ਵਰਗਾ ਹੀ ਸੀ। ਪਸ਼ੂ ਬਿਰਤੀ ਹੈ,- ਆਪਣੇ ਤੋਂ ਤਾਕਤਵਾਰ ਤੋਂ ਡਰਨਾ ਅਤੇ ਕਮਜ਼ੋਰ ਨੂੰ ਡਰਾਉਣਾ। ਜਿਵੇਂ-ਜਿਵੇਂ ਮਨੁੱਖੀ ਬੁੱਧੀ ਦਾ ਵਿਕਾਸ ਹੋਇਆ, ਮਨੁੱਖ ਸੱਭਿਅ ਹੁੰਦਾ ਗਿਆ, ਪ੍ਰਵਾਰ ਅਤੇ ਫੇਰ ਸਮਾਜ ਦੀ ਸਿਰਜਣਾ ਹੋਈ। ਮਨੁੱਖੀ ਸੁਭਾਅ ਵਿਚ ਜਿਥੇ ਨੈਤਿਕਤਾ, ਸਦਾਚਾਰ ਦਾ ਵਿਕਾਸ ਹੋਇਆ ਉਥੇ ਲੋਭ, ਸਵਾਰਥ ਅਤੇ ਹਉਮੈ ਵਸ ਅਨੈਤਿਕਤਾ, ਦੁਰਾਚਾਰ ਅਤੇ ਲੁੱਟਾਂ-ਖੋਹਾਂ ਅਤੇ ਲੜਾਈ-ਝਗੜੇ ਵੀ ਅਰੰਭ ਹੋ ਗਏ। ਫੇਰ ਜਦੋਂ ਕਬੀਲਿਆਂ ਵਿਚ ਰਹਿਣ ਲੱਗਾ, ਸਮੂਹਿਕ ਲੜਾਈਆਂ ਹੋਣ ਲੱਗੀਆਂ। ਤਾਕਤਵਾਰ ਕਬੀਲੇ ਨੇ ਕਮਜ਼ੋਰ ਕਬੀਲੇ ਨੂੰ ਮਾਰ ਦੇਣਾ ਜਾਂ ਗੁਲਾਮ ਬਣਾ ਕੇ ਉਨ੍ਹਾਂ ਤੋਂ ਪਸ਼ੂਆਂ ਵਾਂਗ ਕੰਮ ਲੈਣਾ। ਵੱਖੋ-ਵੱਖ ਵੀਚਾਰਾਂ, ਮਾਨਤਾਵਾਂ ਅਤੇ ਸੱਭਿਆਚਾਰਾਂ ਕਰਕੇ ਹੀ ਰਾਜ ਜਾਂ ਦੇਸ਼ ਹੋਂਦ ਵਿਚ ਆਏ। ਦੂਸਰੇ ਨੂੰ ਲੁੱਟਣ ਲਈ, ਉਸਨੂੰ ਆਪਣੇ ਅਧੀਨ ਕਰਨ ਲਈ ਜਾਂ ਦੂਸਰੇ ਤੋਂ ਰੱਖਿਆ ਲਈ ਹਥਿਆਰਾਂ ਦੀ ਰਚਨਾ ਅਤੇ ਫੌਜਾਂ ਦੀ ਸਿਰਜਣਾ ਹੋਈ। ਜਿਥੇ ਇਸ ਤਰ੍ਹਾਂ ਦੇ ਆਸੁਰੀ ਸੁਭਾਅ ਅਤੇ ਪਸ਼ੂ ਬਿਰਤੀ ਕਰਕੇ, ਮਹਾਂ-ਪੀਰਾਂ, ਅਵਤਾਰਾਂ ਅਤੇ ਮਹਾਂ-ਪੁਰਸ਼ਾਂ ਨੇ ਮਨੁੱਖ ਨੂੰ ਰਲ-ਬਹਿਣ ਦੀ ਪ੍ਰੇਰਣਾ ਦਿੱਤੀ। ਨੈਤਿਕ ਗੁਣਾਂ ਦਾ ਸਦਾਚਾਰ ਦਾ ਵਿਕਾਸ ਹੋਇਆ। ਜ਼ੁਲਮ ਦੇ ਖਿਲਾਫ ਜੂਝਣ ਲਈ, ਮਜ਼ਲੂਮਾਂ ਦੀ ਰੱਖਿਆ ਲਈ ਆਪਾ ਕੁਰਬਾਨ ਕਰਨ ਦੀ ਪ੍ਰੇਰਣਾ ਦਿੱਤੀ। ਮੈਦਾਨ-ਏ-ਜੰਗ ਵਿਚ ਵੀ ਨੈਤਿਕਤਾ ਤੇ ਪਹਿਰਾ ਦੇਣ ਲਈ ਧਰਮ-ਯੁੱਧ ਦੇ ਨਿਯਮ

Sri Satguru Jagjit Singh Ji Elibrary   NamdhariElibrary@gmail.com

ਬਣਾਏ ਗਏ, ਗੀਤਾ ਦਾ ਗਿਆਨ ਦਾ ਉਪਦੇਸ਼ ਦਿੱਤਾ। ਇਥੋਂ ਹੀ ਪੈਦਾ ਹੋਇਆ 'ਸੁਤੰਤਰਤਾ ਦਾ ਸੰਕਲਪ' ਸੰਪੂਰਨ ਸੁਤੰਤਰਤਾ ਦੇ ਸੰਕਲਪ ਦਾ ਮੂਲ-ਮੰਤਰ ਦਿੱਤਾ ਸਾਡੇ ਸਤਿਗੁਰੂ- ਸਾਹਿਬਾਨ ਨੇ- 'ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ। ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥' ਨੌਵੇਂ ਨਾਨਕ, ਸਾਹਿਬ ਗੁਰੂ ਤੇਗ ਬਹਾਦਰ ਜੀ ਦਾ ਕੇਡਾ ਸੰਖੇਪ ਅਤੇ ਮਹਾਨ ਵੀਚਾਰ ਹੈ- ਨਾ ਕਿਸੇ ਤੋਂ ਡਰਨਾ ਅਤੇ ਨਾ ਕਿਸੇ ਨੂੰ ਡਰਾਉਣਾ, ਨਾ ਜ਼ੁਲਮ ਕਰਨਾ ਅਤੇ ਨਾ ਸਹਿਣਾ, ਨਾ ਕਿਸੇ ਨੂੰ ਗੁਲਾਮ ਰੱਖਣਾ ਅਤੇ ਨਾ ਗੁਲਾਮ ਰਹਿਣਾ, ਅਜੇਹੇ ਗੁਣਾਂ ਵਾਲਾ ਮਨੁੱਖ ਹੀ ਗਿਆਨਵਾਨ ਹੈ, ਸਾਧੂ ਹੈ, ਮਹਾਨ ਪੁਰਸ਼ ਹੈ। ਇਹ ਤਦ ਹੀ ਸੰਭਵ ਹੈ ਜੇ ਮਨੁੱਖ ਨਿਰਭਉ ਅਤੇ ਨਿਰਵੈਰ ਹੋਵੇਗਾ, ਲੋਭੀ, ਸਵਾਰਥੀ ਅਤੇ ਹੰਕਾਰੀ ਨਹੀਂ ਹੋਵੇਗਾ। ਪਰਉਪਕਾਰੀ ਅਤੇ ਸਰਬੱਤ ਦਾ ਭਲਾ ਲੋਚਣ ਵਾਲਾ ਹੋਵੇਗਾ।

ਸਾਡੇ ਸਤਿਗੁਰੂ ਸਾਹਿਬਾਨ ਨੇ ਆਪਣੇ ਬਚਨ ਅਤੇ ਕਰਮ ਦੁਆਰਾ ਸੁਤੰਤਰਤਾ ਦੇ ਸੰਕਲਪ ਦੀ ਸਥਾਪਤੀ ਲਈ ਕਠਿਨ ਘਾਲਨਾ ਘਾਲੀਆਂ। ਨਾਮ-ਜਪਣ, ਕਿਰਤ ਕਰਨ ਅਤੇ ਵੰਡ-ਛਕਣ ਦਾ ਉਪਦੇਸ਼ ਦਿੱਤਾ। ਨਾਮ ਜਪਣ ਨਾਲ ਮਨ ਨਿਰਮਲ ਹੋ ਜਾਂਦਾ ਹੈ। ਸਾਰੇ ਪਾਪਾਂ ਦਾ ਬਾਪ ਲੋਭ ਅਤੇ ਸਾਰੇ ਲੜਾਈਆਂ ਝਗੜਿਆਂ ਦਾ ਮੂਲ ਕਾਰਨ ਕ੍ਰੋਧ ਅਤੇ ਹੰਕਾਰ ਮਿਟ ਜਾਂਦਾ ਹੈ। ਸੁੱਚੀ ਕਿਰਤ ਕਰਨ, ਵੰਡ ਕੇ ਛਕਣ, ਲੋੜ-ਵੰਦ ਦੀ ਮਦਦ ਕਰਨ ਵਾਲਾ ਸਾਰਾ ਸਮਾਜ ਹੋ ਜਾਵੇ ਤਾਂ ਸਾਰੇ ਲੜਾਈਆਂ ਝਗੜੇ ਮੁੱਕ ਜਾਣ। 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।' ਪਰਾਏ ਹੱਕ ਨੂੰ ਸੌਂਹ ਵਾਂਗ ਸਮਝਿਆ ਜਾਵੇ। ਫੇਰ ਨਾ ਫ਼ੌਜਾਂ ਦੀ ਲੋੜ ਪਵੇਗੀ ਅਤੇ ਨਾ ਹੀ ਹਥਿਆਰਾਂ ਦੀ। ਅੱਜ ਦੀ ਦੁਨੀਆਂ ਵਿਚ ਮੁੱਖ ਰੂਪ ਵਿਚ ਸਾਰੇ ਦੇਸ਼ਾਂ ਦਾ ਸਭ ਤੋਂ ਵੱਧ ਬਜਟ ਫ਼ੌਜਾਂ ਅਤੇ ਹਥਿਆਰਾਂ ਤੇ ਹੀ ਖਰਚ ਹੁੰਦਾ ਹੈ। ਆਪਣੇ ਹੱਕਾਂ ਦੀ ਸੁਰੱਖਿਆ ਲਈ ਅਤੇ ਦੂਸਰੇ ਦੇ ਹੱਕ ਖੋਹਣ ਲਈ ਵੀਹਵੀਂ ਸਦੀ ਵਿਚ ਦੋ ਵਿਸ਼ਵ ਯੁੱਧ ਹੋਏ। ਸਤਿਗੁਰੂ ਜਗਜੀਤ ਸਿੰਘ ਜੀ ਦਾ ਫੁਰਮਾਣ ਹੈ- 'ਆਪਣੇ ਹੱਕ ਦਾ ਕੁਝ ਦਾਨ ਕਰੋ, ਦੂਸਰੇ ਦੇ ਹੱਕ ਦੀ ਰਾਖੀ ਕਰੋ ਤਾਂ ਸਾਰੇ ਝਗੜੇ ਮੁੱਕ ਜਾਣਗੇ।' ਸਤਿਗੁਰੂ ਤੇਗ ਬਹਾਦੁਰ ਜੀ ਨੇ ਕਿਸੇ ਦੇ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ।

ਕੇਵਲ ਰਾਜਨੀਤਿਕ ਆਜ਼ਾਦੀ ਹੀ ਸੰਪੂਰਨ ਸੁਤੰਤਰਤਾ ਨਹੀਂ। ਸਗੋਂ ਆਪਣੇ ਵਿਰਸੇ ਦੀ, ਸਭਿਆਚਾਰ ਦੀ, ਬੋਲੀ ਦੀ ਅਤੇ ਧਾਰਮਿਕ ਵੀਚਾਰਾਂ ਦੀ ਆਜ਼ਾਦੀ ਹੋਣੀ, ਕਿਸੇ ਦਾ ਸ਼ੋਸ਼ਣ ਨਾ ਹੋਣਾ ਹੀ ਪੂਰਨ ਆਜ਼ਾਦੀ ਹੈ। ਇਸੇ ਪੂਰਨ ਆਜ਼ਾਦੀ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਸਿੱਖਾਂ ਨੇ ਕ੍ਰੀਬ ਨੌ ਦਹਾਕੇ ਬਰਤਾਨਵੀ ਸਾਮਰਾਜ ਨਾਲ ਲੋਹਾ ਲਿਆ ਅਤੇ ਕੁਰਬਾਨੀ ਦੇ ਮਹਾਨ ਕੀਰਤੀਮਾਨ ਸਥਾਪਿਤ ਕੀਤੇ। ਸਤਿਗੁਰੂ ਰਾਮ ਸਿੰਘ ਜੀ ਦੇ ਬਹੁਮੁਖੀ ਸੁਤੰਤਰਤਾ ਸੰਗਰਾਮ ਦੇ ਮਾਰਗ ਤੇ ਚੱਲ ਕੇ 15 ਅਗਸਤ 1947 ਨੂੰ ਰਾਜਨੀਤਿਕ ਅਜ਼ਾਦੀ ਤਾਂ ਪ੍ਰਾਪਤ ਹੋ ਗਈ ਪਰ ਸੰਪੂਰਨ ਸੁਤੰਤਰਤਾ ਦੇ ਸੰਕਲਪ ਤੋਂ ਅਜੇ ਸਾਡਾ ਦੇਸ਼ ਬਹੁਤ ਦੂਰ ਹੈ। ਅਜੇ ਵੀ ਗਰੀਬਾਂ ਦਾ ਸ਼ੋਸ਼ਣ ਹੋ ਰਿਹਾ ਹੈ, ਧਾਰਮਿਕ, ਸੰਪਰਦਾਇਕ ਦੰਗੇ ਹੁੰਦੇ ਹਨ। ਨਾ ਅਦਾਲਤਾਂ ਵਿਚ ਨਿਆਂ ਹੈ, ਨਾ ਪੁਲਿਸ ਲੋਕਾਂ ਨੂੰ ਸੁਰੱਖਿਆ ਦੇਣ ਵਿਚ ਅਤੇ ਨਾ ਹੀ ਸਾਡੇ ਰਾਜਨੇਤਾ ਦੇਸ਼ ਕਲਿਆਣ ਲਈ ਸੁਹਿਰਦ ਹਨ। ਸਰਕਾਰ ਲੋਕਾਂ ਲਈ ਸਹੂਲਤ ਨਹੀਂ ਸਗੋਂ ਇਕ ਸਮੱਸਿਆ ਬਣ ਚੁੱਕੀ ਹੈ। ਆਜ਼ਾਦੀ ਦੇ ਸੱਤ ਦਹਾਕੇ ਬੀਤਣ ਤੇ ਵੀ ਸਾਡਾ ਦੇਸ਼ ਭਾਰਤ ਵਰਸ਼ ਸੰਪੂਰਨ-ਸੁਤੰਤਰਤਾ ਦੇ ਸੰਕਲਪ ਤੋਂ ਬਹੁਤ ਦੂਰ ਹੈ। ਮੁੱਖ ਕਾਰਣ: ਹਉਮੈ, ਲੋਭ ਅਤੇ ਸਵਾਰਥ ਹੈ। ਪ੍ਰਸਿਧ ਆਜ਼ਾਦੀ ਘੁਲਾਟੀਏ ਬਾਬਾ ਸੋਹਣ ਸਿੰਘ ਭਕਨਾ ਨੇ ਦੇਸ਼ ਆਜ਼ਾਦ ਹੋਣ ਤੋਂ ਬਾਅਦ ਕਿਹਾ ਸੀ- 'ਇਹ ਅਜ਼ਾਦੀ ਅਧੂਰੀ ਹੈ, ਅਜ਼ਾਦੀ ਸੀ ਜੋ ਸਤਿਗੁਰੂ ਰਾਮ ਸਿੰਘ ਕਾਇਮ ਕਰਦੇ ਸਨ, ਨਿਰਲੋਭ ਅਤੇ ਨਿਰਮੋਹ ਬਣਾ ਦਿੱਤਾ ਸੀ, ਝੂਠ-ਫਰੇਬ ਮਨਾਂ ਵਿਚੋਂ ਕੱਢ ਦਿੱਤਾ ਸੀ ਆਪ ਦੇ ਦਰਸਾਏ ਮਾਰਗ ਤੇ ਚੱਲ ਕੇ ਹੀ ਸਾਡੀ ਆਜ਼ਾਦੀ ਸਹਿਾਵਣੀ ਹੋ ਸਕਦੀ ਹੈ।

- ਹਰਪਾਲ ਸਿੰਘ ਸੇਵਕ,
ਸ੍ਰੀ ਭੈਣੀ ਸਾਹਿਬ
ਸੰਪ: 94176-01321

Sri Satguru Jagjit Singh Ji Elibrary NamdhariElibrary@gmail.com

ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਹੋਰੁ ਬੀਬੀ ਨੰਦਾ........ ਅਰ ਕੁੜੀਆ, ਮੁੰਡਿਆ ਤੇ ਅਛੀ ਤਰਾ ਭਜਨ ਕਰਾਉਣਾ, ਬਾਣੀ ਕੰਠ ਕਰਾਉਣੀ ਸਭਦੇ।

ਬਾਣੀ ਪੜਾਉਣੀ, ਗ੍ਰੰਥ ਸਾਹਿਬ ਦੇ ਪਾਠ ਕਾਰਉਣੇ ਅਰ ਪਿਛਲੀ ਰਾਤ ਸਭ ਕੋ ਇਸਨਾਨੁ ਕਰਾਕੇ ਭਜਨ ਕਰਾਉਣਾ।

ਕਿਸੇ ਨੂ ਸੌਣ ਨਹੀ ਦੇਣਾ, ਪਿਛਾ ਰਾਤ, ਜੋ ਤੇਰੇ ਪਾਸ ਰਹਿੰਦੇ ਹੈ।

ਕੁੜੀਆ, ਮੁੰਡਿਆ ਵਿਚ ਬੀਬੀ ਤੇਰੀ ਮਹੰਤੀ ਹੈ।

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਅਸੀਂ ਘਟਦੇ ਕਦੋਂ ਹਾਂ

ਸਵੇਰੇ ਤੜਕੇ ਇਸ਼ਨਾਨ ਸਣੇ ਕੇਸੀ ਕਰਕੇ ਆਇਆ ਕਰੋ ਆਸਾ ਦੀ ਵਾਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਦਿੱਤਾ ਹੈ– 'ਸੀਤਲ ਜਲ ਕੋ ਅੰਗੀਕਾਰੇ, ਜੇ ਨਾ ਹੋਇ ਤਪਤ ਕਰ ਬਾਰੇ' ਜੇ ਨਹੀਂ ਸਰੀਰ ਮੰਨਦਾ ਕਿਸੇ ਵੇਲੇ ਤੇ ਗਰਮ ਜਲ ਕਰਕੇ ਇਸ਼ਨਾਨ ਕਰ ਲਵੋ। ਫੇਰ ਇੱਥੇ (ਸਾਧ-ਸੰਗਤ) ਵਿੱਚ ਬੈਠ ਕੇ ਰਸਨਾ ਨਹੀਂ ਹਿਲਦੀ, ਚੇਤਾ ਰਖਿਆ ਕਰੋ, ਕੋਈ ਕੋਲ ਬੈਠਾ ਹੋਵੇ, ਗੋਡੇ ਨੂੰ ਹੱਥ ਲਾ ਕੇ ਯਾਦ ਕਰਵਾ ਦਿੱਤਾ ਕਿ ਰਸਨਾ ਹਿਲਾਕੇ ਭਜਨ ਕਰੋ।

ਜੇ ਅਸੀਂ ਨਾਮ ਨਹੀਂ ਜਪਦੇ, ਤੁਸੀਂ ਯਕੀਨ ਰੱਖੋ ਏਸ ਗੱਲ ਦਾ ਕਿ ਕਦੇ ਕੋਈ ਸਾਨੂੰ ਬਾਹਰਲਾ ਆਦਮੀ ਘਟਾ ਨਹੀਂ ਸਕਦਾ, ਕੋਈ ਸਾਡੀ ਗਿਣਤੀ ਨਹੀਂ ਘਟਾ ਸਕਦਾ, ਸਾਰੀ ਦੁਨੀਆਂ ਦੀ ਤਾਕਤ ਨਹੀਂ ਕੁੱਝ ਕਰ ਸਕਦੀ। ਘਟਦੇ ਅਸੀਂ ਕਦੋ ਹਾਂ? ਸਿੱਖਾਂ ਦਾ ਇੱਕ ਵਿਚਾਰ ਐਸਾ ਬਣ ਗਿਆ ਹੈ ਕਿ ਸਾਨੂੰ ਹਿੰਦੂ ਖਾ ਜਾਣਗੇ, ਸਾਨੂੰ ਅੰਗਰੇਜ਼ ਖਾ ਜਾਣਗੇ, ਸਾਨੂੰ ਦੂਸਰਾ ਖਾ ਜਾਏਗਾ, ਸੱਚੇ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਅਨੁਸਾਰ ਸਿੱਖ ਕਦੋਂ ਘਟਦੇ ਨੇ –

ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥

ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

30 ਅਪ੍ਰੈਲ 2018

ਸਥਾਨ- ਸੰਤ ਨਗਰ

ਨੋਟ: ਇਹ ਉਪਦੇਸ਼ ਸ੍ਰੀ ਸਤਿਗੁਰੂ ਜੀ ਨੇ ਮਾਸਟਰ ਦਰਸ਼ਨ ਸਿੰਘ ਜੀ ਦੇ ਲੜਕੇ (ਹਰਦੀਪ ਸਿੰਘ) ਦੇ ਭੋਗ ਸਮੇਂ ਦਿੱਤਾ।

ਇਕ ਵਾਰੀ ਸਾਰੇ ਬੜੇ ਪ੍ਰੇਮ ਨਾਲ ਯਾਦ ਕਰਕੇ ਆਖੀਏ-
ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ॥....

ਮਾਸਟਰ ਜੀ ਦੇ ਲੜਕੇ (ਹਰਦੀਪ ਸਿੰਘ), ਉਸ ਬੱਚੇ ਨੂੰ ਅਸੀਂ ਨੌਜੁਆਨ ਹੀ ਆਖਾਂਗੇ, ਮਾਸਟਰ ਜੀ ਦੀ ਸੇਹਤ ਅਜੇ ਕਿੰਨੀ ਚੰਗੀ ਹੈ। ਉਹ ਬੱਚਾ ਜਿਸ ਤਰ੍ਹਾਂ ਵਿਛੋੜਾ ਦੇ ਗਿਆ ਹੈ, ਮੈਂ ਸਮਝਦਾ ਹਾਂ, ਮਾਸਟਰ ਜੀ ਤੇ ਕਿਰਪਾ ਹੈ। ਉਨ੍ਹਾਂ ਨੇ ਪਤਾ ਨਹੀਂ ਕਿੰਨੇ ਕੁ ਪਾਠ ਕੀਤੇ ਨੇ, ਕਿੰਨੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਉਨ੍ਹਾਂ ਤੇ ਕਿਰਪਾ ਕੀਤੀ ਹੈ, ਕਿੰਨਾ ਨਾਮ ਜਪਿਆ ਹੈ, ਕਿੰਨਿਆਂ ਨੂੰ ਪਾਠ ਸਿਖਾਏ ਨੇ। ਉਸ ਦਿਨ ਵੀ ਜਦੋਂ ਕਾਕੇ ਦੇ ਚੜ੍ਹਾਈ ਕਰਨ ਬਾਰੇ ਪਤਾ ਲੱਗਿਆ, ਗੁਰੂਸਰ ਤੋਂ ਮੈਂ ਏਥੇ ਹੋ ਕੇ ਗਿਆ ਸਾਂ, ਮਾਸਟਰ ਜੀ ਦੀ ਅਵਸਥਾ ਕਿੰਨੀ ਸਹਿਜ ਸੀ। ਮਾਸਟਰ ਜੀ ਦੇ ਚਿਹਰੇ ਵਲ ਵੇਖ ਕੇ ਕੋਈ ਕਹਿ ਹੀ ਨਹੀਂ ਸੀ ਸਕਦਾ ਕਿ ਇਹ ਉਹ ਨੇ ਜਿਨ੍ਹਾਂ ਦਾ ਬੇਟਾ ਚੜ੍ਹਾਈ ਕੀਤਾ ਹੈ। ਆਪਾਂ ਕਿਸੇ ਦੇ ਗੁਣ ਵੇਖੀਏ, ਨੁਕਸ ਵੇਖਣ ਲੱਗੀਏ ਤਾਂ ਅਸੀਂ ਬੜੇ ਲੱਭ ਲੈਂਦੇ ਹਾਂ।

ਇਹ ਵੇਖ ਕੇ ਅਸੀਂ ਆਪਣੇ ਹਿਰਦੇ ਤੇ ਹੱਥ ਰੱਖ ਕੇ ਵੇਖੀਏ ਕਿ ਅਜੇਹਾ ਭਾਣਾ ਸਾਡੇ ਨਾਲ ਵਾਪਰਿਆ ਹੋਵੇ ਤਾਂ ਕੀ ਅਸੀਂ ਸਾਬਤ ਰਹਿ ਸਕਦੇ ਹਾਂ। ਮਾਸਟਰ ਜੀ ਦੇ ਚਿਹਰੇ ਤੇ ਕੋਈ ਸ਼ਿਕਨ ਨਹੀਂ ਸੀ। ਤੁਸੀਂ ਭਾਵੇਂ ਕੱਲ ਨੂੰ ਭੋਗ ਪਾ ਦਿਉ, ਭਾਂਵੇਂ ਪਰਸੋਂ ਪਾ ਦਇਓ। ਚੰਗਾ ਹੋਵੇਗਾ ਜੇ ਤੁਸੀਂ ਆ ਜਾਓਂ। ਮੈਂ ਆਖਿਆ ਚਲੋ ਪੰਜ ਸੱਤ ਦਿਨ ਬਾਅਦ ਪਾ ਲੈਂਦੇ ਹਾਂ। ਕਹਿਣ ਲੱਗੇ ਉਨ੍ਹੇਂ ਦਿਨ ਘਰ ਵਿਚ ਸੋਗ ਜਿਹਾ ਲੱਗਾ ਰਹਿੰਦਾ ਹੈ, ਚੰਗੀ ਗਲ ਸੀ ਛੇਤੀ ਪਾ ਲੈਂਦੇ, ਚਲੋ ਜਦੋਂ ਰਜਾ ਹੈ, ਉਦੋਂ ਭੋਗ ਪਾ ਦਿਉ। ਉਨ੍ਹਾਂ ਦੇ ਚਿਹਰੇ ਤੇ ਕੋਈ ਸ਼ਿਕਨ ਵਾਲੀ ਗਲ ਨਹੀਂ ਲੱਗੀ ਇਹ ਸਿੱਖੀ ਹੈ। ਦੁਖ-ਸੁਖ ਵਿਚ ਇੱਕੋ ਜਿਹਾ ਰਹਿਣਾ ਸਿਖਾਉਂਦੀ ਹੈ। ਨਹੀਂ ਤੇ ਦੁੱਖ-ਸੁੱਖ ਤੇ ਆਉਂਦੇ ਹੀ ਰਹਿੰਦੇ ਨੇ, ਕਦੇ ਮਾਇਆ ਆ ਜਾਂਦੀ ਹੈ, ਉਦੋਂ ਹੱਸਣ ਲੱਗ ਜਾਈਦਾ ਹੈ। ਜਦੋਂ ਚਲੀ ਜਾਂਦੀ ਹੈ, ਉਦੋਂ ਰੋਣ ਲੱਗ ਜਾਈਦਾ ਹੈ। ਨਵਾਂ ਜੀਅ ਆ ਜਾਂਦਾ ਹੈ, ਖੁਸ਼ੀਆਂ ਹੋ ਜਾਂਦੀਆਂ ਨੇ, ਵਿਆਹ ਹੋ ਜਾਂਦਾ ਹੈ, ਪਾਰਟੀਆਂ ਹੋ ਜਾਂਦੀਆਂ ਨੇ, ਅਗਲੇ ਦਿਨ ਕੋਈ ਮਰ ਜਾਂਦਾ ਹੈ ਤਾਂ ਰੋਣ ਲੱਗ ਜਾਈਦਾ ਹੈ। ਇਹ ਜੇਹੜੀ ਅਵਸਥਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਕੇ ਮਾਸਟਰ ਜੀ ਨੂੰ ਬਖਸ਼ੀ ਹੈ, ਉਹ ਦੋਹਾਂ ਹਲਾਤਾਂ ਵਿਚ ਸੁਖੀ ਰਹੇ ਨੇ। ਸੱਚੇ ਪਾਤਸ਼ਾਹ ਉਹ ਕਿਰਪਾ ਸਾਡੇ ਤੇ ਵੀ ਕਰਨ ਅਸੀਂ ਦੁੱਖ-ਸੁੱਖ ਵਿਚ ਇਕੋ ਜਿਹੇ ਰਹਿ ਸਕੀਏ। ਇਸ ਕਾਕੇ (ਹਰਦੀਪ ਸਿੰਘ) ਦੇ ਇਕ ਬੇਟਾ ਤੇ ਇਕ ਬੇਟੀ ਹੈ। ਮੇਰੀ ਖਾਸ ਕਰਕੇ ਇਸ ਬੇਟੇ ਤੇ ਬੇਟੀ ਨੂੰ ਇਹ ਬੇਨਤੀ ਹੈ ਕਿ ਤੁਹਾਡੇ ਪਿਤਾ ਨੂੰ ਤੁਹਾਡੀ ਸਭ ਤੋਂ ਵੱਡੀ ਸ਼ਰਧਾਂਜਲੀ ਇਹ ਹੋਵੇਗੀ ਕਿ ਤੁਸੀਂ ਆਪਣਾ ਸਿੱਖੀ ਸਰੂਪ ਠੀਕ ਕਰੋ। ਤੁਸੀਂ ਚੰਗੇ ਗੁਰ-ਸਿੱਖ ਬਣ ਕੇ ਰਹੋ। ਤੁਸੀਂ ਟੋਰਾਂਟੋ ਰਹੋ, ਸੰਤ ਨਗਰ ਰਹੋ, ਜਿੱਥੇ ਵੀ ਰਹੋ ਵਧੀਆ ਗੁਰ ਸਿੱਖ ਬਣ ਕੇ ਰਹੋ। ਜੇ ਤੁਸੀਂ ਚੰਗ ਗੁਰ-ਸਿੱਖ ਬਣ ਕੇ ਰਹੋਗੇ ਤਾਂ ਮਾਸਟਰ ਜੀ ਵਾਂਗ ਹਰ ਹਾਲਾਤ ਵਿਚ ਖੁਸ਼ ਰਹੋਗੇ। ਨਹੀਂ ਤੇ ਮਾਇਆ ਆਉਂਦੀ ਵੀ ਦੁੱਖ ਦੇਂਦੀ ਹੈ ਤੇ ਜਾਂਦੀ ਵੀ ਦੁੱਖ ਦੇਂਦੀ ਹੈ। ਸੱਚੇ ਪਾਤਸ਼ਾਹ ਸਾਡੇ ਤੇ ਵੀ ਕਿਰਪਾ ਕਰਨ ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

Sri Satguru Jagjit Singh Ji Elibrary NamdhariElibrary@gmail.com

ਸਾਮਰਾਜ, ਪੰਜਾਬ ਦਾ ਬਟਵਾਰਾ ਅਤੇ ਇਨਸਾਨੀਅਤ

✍-ਸੁਵਰਨ ਸਿੰਘ ਵਿਰਕ

ਰਾਜੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਵੱਡੀ ਆਫਤ ਆਈ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਪਿਛਲੇਰੀ ਸਦੀ ਦੇ ਅੱਧ ਵਿੱਚ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਬਾਰੇ ਆਪਣਾ ਮਸ਼ਹੂਰ ਕਿੱਸਾ, ਜੰਗ ਨਾਮਾ, (ਜੰਗ ਸਿੰਘਾਂ ਤੇ ਫਰੰਗੀਆਂ) ਲਿਖਣ ਵਾਲੇ, ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਲਈ ਸਿੱਖ ਜਮ੍ਹਾਂ ਹਿੰਦੂ ਅਤੇ ਮੁਸਲਮਾਨ ਦੋ ਹੀ ਜ਼ਾਤਾਂ ਸਨ। ਹਿੰਦੂ ਸਿੱਖ ਉਸ ਸਮੇਂ ਤੱਕ ਇੱਕ ਦੂਜੇ ਦੇ ਪਰਆਇਵਾਚੀ ਸ਼ਬਦ ਹੀ ਸਨ। ਦੋਹਾਂ ਦੀ ਹੋਂਦ ਇੱਕ ਦੂਜੇ ਵਿੱਚ ਨਿਹਿਤ ਸੀ। ਮੁਸਲਮਾਨ ਤੇ ਹਿੰਦੂ ਸਿੱਖ, ਕਵੀ ਦੇ ਮੁਤਾਬਿਕ ਘਿਉ ਖਿਚੜੀ ਸਨ। ਇਸ ਏਕਤਾ ਦੇ ਪਿੱਛੇ ਆਦਿ ਗੁਰੂ ਬਾਬਾ ਨਾਨਕ ਜੀ ਦਾ ਸੁਲਾਹਕੁੱਲ, ਫਿਰਕੂ ਮੇਲ ਜੋਲ ਨੂੰ ਉਤਸ਼ਾਹਿਤ ਕਰਨ ਵਾਲਾ, ਫ਼ਲਸਫ਼ਾ ਸੀ, ਜਿਸ ਕਾਰਨ ਉਹਨਾਂ ਨੂੰ ਪੰਜਾਬ ਦੀ ਸਮੁੱਚੀ ਵੱਸੋਂ ਨੇ ਇਹ ਕਹਿ ਕੇ ਮਾਨਤਾ ਦਿੱਤੀ ਸੀ- 'ਨਾਨਕ ਸ਼ਾਹ ਫ਼ਕੀਰ। ਹਿੰਦੂ ਕਾ ਗੁਰੂ ਮੁਸਲਿਮ ਕਾ ਪੀਰ।' ਇਸ ਏਕਤਾ ਨੂੰ ਹੋਰ ਮਜ਼ਬੂਤ ਕੀਤਾ ਗੁਰੂ ਨਾਨਕ ਦੀ ਪੰਜਵੀਂ ਜੋਤ ਗੁਰੂ ਅਰਜਨ ਜੀ ਨੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਦੀ ਸੰਪਾਦਨਾ ਕਰਕੇ, ਜਿਸ ਵਿੱਚ ਹਿੰਦੂ ਭਗਤਾਂ ਅਤੇ ਮੁਸਲਮਾਨ ਸੂਫ਼ੀ ਫਕੀਰਾਂ ਦੀ ਬਾਣੀ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਰਚਨਾ ਨਾਲ ਸੁਮੇਲ ਕੇ, ਇੱਕੋ ਜਿਹਾ ਆਦਰ ਜੋਗ ਸਥਾਨ ਦਿੱਤਾ। ਹਿੰਦੂ ਵਰਣ ਵਿਵਸਥਾ ਦੇ ਕਠੋਰ ਬੰਧਨਾਂ ਨੂੰ ਨਾ ਹੀ ਸਾਡੇ ਭਗਤ ਰਚਨਕਾਰਾਂ ਅਤੇ ਨਾ ਹੀ ਬਾਣੀਕਾਰ ਗੁਰੂ ਸਾਹਿਬਾਨ ਨੇ ਸਵੀਕਾਰਿਆ ਸੀ। ਉਹਨਾਂ ਨੇ ਹਰ ਮਨੁੱਖ ਮਾਤਰ ਵਿੱਚ ਰੰਗ, ਦੇਸ਼, ਕੌਮ, ਨਸਲ, ਮਜ਼ਬ, ਬੋਲੀ ਅਤੇ ਜਾਤ ਪਾਤ ਦੇ ਭਿੰਨ ਭੇਦਾਂ ਤੋਂ ਉੱਪਰ ਉੱਠ ਕੇ, ਇੱਕੋ ਕਾਦਰ ਦੀ ਕੁਦਰਤ ਦਾ ਜਲਵਾ ਮਹਿਸੂਸ ਕੀਤਾ ਸੀ। ਇਹਨਾਂ ਸਾਰਿਆਂ ਦੇ ਫ਼ਿਕਰਾਂ ਦਾ ਕੇਂਦਰ ਬਿੰਦੂ ਆਮ ਆਦਮੀ ਸੀ ਅਤੇ ਉਸਦੇ ਸਰਬਪੱਖੀ ਵਿਕਾਸ ਲਈ, ਉਸਨੂੰ ਕਰਮ ਕਾਂਡਾਂ ਅਤੇ ਸੰਸਕਾਰਾਂ ਦੀਆਂ ਅਦਿੱਖ ਬੇੜੀਆਂ ਤੋਂ ਬੰਧਨ-ਮੁਕਤ ਕਰਨ ਲਈ, ਸਾਡੇ ਇਹ ਮਹਾਨ ਪੁਰਖੇ ਸਦਾ ਕ੍ਰਿਆਸ਼ੀਲ ਰਹੇ। ਇਸ ਲਈ ਦਸਵੀਂ ਗਿਆਰ੍ਹਵੀਂ ਸਦੀ ਵਿੱਚ ਹਿੰਦ ਵਿੱਚ ਇਸਲਾਮ ਦੀ ਆਮਦ ਤੋਂ ਬਾਅਦ, ਸਾਡੇ ਲੋਕਾਂ ਨੇ ਓਪਰੀ ਭਾਸ਼ਾ ਅਤੇ ਵੱਖਰੇ ਵਿਸ਼ਵਾਸ ਵਾਲੇ ਇਸ ਮੱਤ ਦੇ ਪੈਰੋਕਾਰਾਂ ਨਾਲ ਵੀ ਸੁਹਿਰਦਤਾ ਵਾਲਾ ਨਾਤਾ ਜੋੜਿਆ ਜਿਸ ਕਾਰਨ, ਸਾਡੇ ਮੁਲਕ ਵਿੱਚ ਇੱਕ ਸਾਂਝੀ ਗੰਗਾ-ਜਮਨੀ ਤਹਿਜ਼ੀਬ ਵਿਕਸਤ ਹੋ ਗਈ। ਬੇਸ਼ੱਕ ਆਪਣੇ ਵੇਲੇ ਦੀਆਂ ਸਿਆਸੀ, ਮਜ਼ਬੂਰੀਆਂ ਕਾਰਨ, ਭਾਰਤ ਤੇ ਰਾਜ ਕਰਨ ਵਾਲੇ ਮੁਸਲਮਾਨ ਹੁਕਮਰਾਨ, ਕਦੇ ਕਦੇ ਇਸਲਾਮੀ ਪੱਤਾ ਵੀ ਖੇਡਦੇ ਰਹੇ ਪਰ ਇਸ ਨਾਲ ਵੀ ਆਮ ਆਦਮੀ ਦੇ ਇੱਕ ਦੂਜੇ ਪ੍ਰਥਾਇ ਆਪਸੀ ਪ੍ਰੇਮ-ਪਿਆਰ, ਮੇਲ-ਜੋਲ ਅਤੇ ਰਵਾਦਾਰੀ ਦੇ ਰਿਸ਼ਤੇ ਵਿੱਚ ਕੋਈ ਤਰੇੜ ਨਹੀਂ ਸੀ ਆਈ। ਹਿੰਦੂ ਮੁਸਲਿਮ ਫਿਰਕੂ ਫਸਾਦ ਕਦੇ ਵੀ ਕਿਸੇ ਮੁਸਲਮਾਨ ਹਾਕਮ ਦੇ ਰਾਜ ਵਿੱਚ ਨਹੀਂ ਸੀ ਹੋਇਆ।

ਕਵੀ ਦੇ ਲਿਖਣ ਮੁਤਾਬਿਕ ਤੀਜੀ ਜਾਤ (ਫਰੰਗੀ) ਦੇ ਆਉਣ ਤੋਂ ਪਹਿਲਾਂ ਸਾਡਾ ਪੰਜਾਬ ਵੀ ਰੰਗੀਂ ਵੱਸਦਾ ਸੀ ਅਤੇ ਹਿੰਦੁਸਤਾਨ ਵਿੱਚ ਵੀ ਫ਼ਿਰਕਿਆਂ ਵਿਚਾਲੇ, ਆਪਸੀ ਮੇਲ-ਜੋਲ ਅਤੇ ਸ਼ਾਂਤੀ ਪੂਰਨ ਸਹਿ ਹੋਂਦ ਮਿਸਾਲੀ ਸੀ। ਅੰਗਰੇਜ਼ ਹਾਕਮਾਂ ਨੇ ਪੰਜਾਬ ਤੇ ਕਬਜ਼ਾ ਵੀ ਦੇਸ਼ ਦੇ ਬਾਕੀ ਭਾਗਾਂ ਜਿਉਂ ਛਲ ਕਪਟ ਅਤੇ ਇੱਕ ਧਿਰ ਦੇ ਮੁਕਾਬਲੇ ਦੂਜੀ ਧਿਰ ਨੂੰ ਉਭਾਰਕੇ ਕੀਤਾ ਸੀ। ਪਾੜੋ ਅਤੇ ਰਾਜ ਕਰੋ ਉਹਨਾਂ ਦਾ ਆਦਰਸ਼ ਵਾਕ ਸੀ। ਫ਼ੌਜ ਦੀ ਬਣਤਰ ਵਿੱਚ ਇਹ ਵਖਰੇਵਾਂ ਸਪਸ਼ਟ ਨਜ਼ਰ ਆਉਂਦਾ ਸੀ। ਪੰਜਾਬ ਦੀ ਰਜਮੈਂਟ ਵਿੱਚ ਦੋ ਕੰਪਨੀਆਂ ਜੱਟ ਸਿੱਖਾਂ ਦੀਆਂ, ਦੋ ਪੰਜਾਬੀ ਮੁਸਲਮਾਨਾਂ ਦੀਆਂ, ਇੱਕ ਹਿੰਦੂ ਜਾਟਾਂ ਜਾਂ ਡੋਗਰਿਆਂ ਦੀ ਤੇ ਦੋ ਪਖਤੂਨਾਂ (ਪਠਾਣਾਂ) ਦੀਆਂ। ਮਾਰਸ਼ਲ ਕੌਮਾਂ ਦਾ ਸਿਧਾਂਤ ਘੜ ਕੇ ਜਾਤ ਪਾਤ ਦੇ ਵਖਰੇਵੇਂ ਨੂੰ ਮਜ਼ਬੂਤ ਕੀਤਾ। ਰਾਜ ਦੀਆਂ ਹਦਾਇਤਾਂ ਤੇ ਸਿੱਖਾਂ ਨੂੰ ਪੱਕੇ ਸਿੱਖ ਅਤੇ ਮੁਸਲਮਾਨਾਂ ਨੂੰ ਪੱਕੇ ਮੁਸਲਮਾਨ ਬਣਨ ਲਈ ਪਰੇਰਿਆ ਜਾਂਦਾ। ਇਉਂ ਵੱਖ ਵੱਖ ਧਾਰਮਿਕ ਪਹਿਚਾਣਾਂ ਨੂੰ ਹਵਾ ਦੇ ਕੇ, ਫਿਰਕਾਪ੍ਰਸਤੀ ਦੇ ਬੀਜ ਖਿਲਾਰੇ ਗਏ। ਪੰਜਾਬੀ ਏਕਤਾ ਤੇ ਸੱਟ ਮਾਰਨ ਲਈ ਹੀ ਅੰਗਰੇਜ਼ਾਂ ਨੇ ਮੁਸਲਮਾਨਾਂ ਦੀ ਬੋਲੀ ਉਰਦੂ, ਹਿੰਦੂਆਂ ਦੀ ਹਿੰਦੀ ਅਤੇ ਪੰਜਾਬੀ ਨੂੰ ਸਿਰਫ ਸਿੱਖਾਂ ਦੀ ਬੋਲੀ ਪਰਚਾਰਿਆ। ਹਾਲਾਂਕਿ ਕੁਝ ਕੁ ਨੇਕ ਦਿਲ ਅੰਗਰੇਜ਼ਾਂ ਜਿਹਾ ਕਿ ਗਵਰਨਰ ਲੂਈ ਡੇਨ, ਪੰਜਾਬ

ਯੂਨੀਵਰਸਿਟੀ ਲਾਹੌਰ ਦੇ 1909 ਵਿੱਚ ਲੱਗੇ ਵੀ. ਸੀ., ਪੀ. ਸੀ. ਚੈਟਰਜੀ ਅਤੇ ਲਾਹੌਰ ਤੋਂ ਛਪਦੇ ਰੋਜ਼ਾਨਾ ਅੰਗਰੇਜ਼ੀ ਅਖਬਾਰ 'ਟ੍ਰਿਬਿਊਨ' ਨੇ ਸਾਰੇ ਪੰਜਾਬੀਆਂ ਨੂੰ ਗੁਰਮੁਖੀ ਲਿਪੀ ਵਿੱਚ ਪੰਜਾਬੀ ਪੜ੍ਹਾਉਣਾ ਜ਼ਰੂਰੀ ਦੱਸਿਆ ਪਰ ਇਹ ਯਤਨ ਸਿਰੇ ਨਾ ਚੜ੍ਹੇ ਅਤੇ ਭਾਸ਼ਾ ਦੇ ਆਧਾਰ ਤੇ ਪੰਜਾਬੀ ਇੱਥੋਂ ਤੱਕ ਵੰਡੇ ਗਏ ਕਿ 1880 ਅਤੇ 90 ਦੇ ਦਹਾਕਿਆਂ ਵਿੱਚ ਮੁਲਤਾਨ, ਮੀਆਂ ਵਾਲੀ, ਡੇਰਾ ਗਾਜ਼ੀ ਖਾਨ, ਦਿੱਲੀ, ਰੋਹਤਕ ਅਤੇ ਲੁਧਿਆਣੇ, ਹਿੰਦੂ ਮੁਸਲਿਮ ਫਸਾਦ ਹੋ ਗਏ। ਕਿਤੇ ਕਿਤੇ ਹਨੇਰੇ ਵਿੱਚ ਚਾਨਣ ਦੀਆਂ ਲਕੀਰਾਂ ਵੀ ਸਨ। ਹੁਸ਼ਿਆਰਪੁਰ ਵਿੱਚ ਸਤੰਬਰ 1883 ਵਿੱਚ ਹਿੰਦੂ ਸਿੱਖਾਂ ਦਾ ਇੱਕ ਵੱਡਾ ਇਕੱਠ ਹੋਇਆ ਜਿਸ ਦੀ ਪ੍ਰਧਾਨਗੀ ਇੱਕ ਈਸਾਈ ਨੇ ਕੀਤੀ ਕਿ ਫਿਰਕੂ ਏਕਤਾ ਟੁੱਟਣ ਨਾ ਦਿੱਤੀ ਜਾਵੇ।

ਆਰੀਆ ਸਮਾਜੀਆਂ ਨੇ 1888 ਵਿੱਚ ਲਾਹੌਰ ਵਿਖੇ ਦਇਆਨੰਦ ਐਂਗਲੋਵੈਦਿਕ ਕਾਲਜ (ਡੀ. ਏ. ਵੀ.) ਲਾਹੌਰ ਵਿੱਚ ਖੋਲ੍ਹਿਆ। ਕੁਝ ਸਾਲ ਬਾਅਦ 1892 ਵਿੱਚ ਇਸਲਾਮੀਆ ਕਾਲਜ ਲਾਹੌਰ ਬਣਿਆ ਅਤੇ ਇਸੇ ਸਾਲ ਹੀ ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਬਣ ਗਿਆ। ਵੱਖ ਵੱਖ ਧਾਰਮਿਕ ਪਹਿਚਾਣਾਂ ਨੂੰ ਉਜਾਗਰ ਕਰਨਾ ਬ੍ਰਿਟਿਸ਼ ਹਾਕਮਾਂ ਦੇ ਏਜੰਡੇ ਤੇ ਸੀ। ਸੰਨ 1906 ਆਉਂਦਿਆਂ ਤੱਕ ਸਰਕਾਰ ਨੇ ਵੱਖਰੀ ਇਲੈਕਟੋਰੇਟ ਪ੍ਰਣਾਲੀ ਦਾ ਵਾਅਦਾ ਕਰਕੇ ਹਿੰਦੂ ਹਿੰਦੂਆਂ ਨੂੰ, ਸਿੱਖ ਸਿੱਖਾਂ ਨੂੰ ਅਤੇ ਮੁਸ਼ਲਮਾਨ ਮੁਸਲਮਾਨਾਂ ਨੂੰ ਵੋਟ ਦੇਣ ਲਈ ਕਾਨੂੰਨੀ ਤੌਰ ਤੇ ਬੰਨ੍ਹ ਦਿੱਤੇ ਗਏ। ਇਸ ਨੂੰ ਅੰਗਰੇਜ਼ ਅਧਿਕਾਰੀਆਂ ਨੇ ਉਹ ਫੈਸਲਾ ਦੱਸਿਆ ਜਿਹੜਾ ਭਾਰਤ ਅਤੇ ਭਾਰਤੀ ਇਤਿਹਾਸ ਨੂੰ ਸਦੀਆਂ ਤੱਕ ਪ੍ਰਭਾਵਿਤ ਕਰੇਗਾ। 1906 ਵਿੱਚ ਹੀ ਹਿੰਦੂ ਮਹਾਂ ਸਭਾ ਅਤੇ ਫਿਰ ਮੁਸਲਿਮ ਲੀਗ ਦੀ ਸਥਾਪਨਾ ਹੋਈ। ਕੌਮੀ ਆਗੂ ਗੋਪਾਲ ਕ੍ਰਿਸ਼ਨ ਗੋਖਲੇ ਕਦੇ ਯੁਵਾ ਵਕੀਲ ਮੁਹੰਮਦ ਅਲੀ ਜਿਨਾਹ ਨੂੰ ਹਰ ਕਿਸਮ ਦੀ ਫਿਰਕਾਪ੍ਰਸਤੀ ਤੋਂ ਮੁਕਤ, ਹਿੰਦੂ ਮੁਸਲਿਮ ਏਕਤਾ ਦਾ ਵੱਡਾ ਮੁਦਈ ਦੱਸਿਆ ਕਰਦੇ ਸਨ। ਹਾਲਾਤ ਦੇ ਪਰੇਰੇ ਉਸੇ ਜਿਨਾਹ ਨੇ ਕਾਂਗਰਸ ਨੂੰ ਛੱਡ ਕੇ ਮੁਸਲਿਮ ਲੀਗ ਦੀ ਸਿਆਸਤ ਨੂੰ ਅਪਨਾਉਣਾ ਸੀ। 1912-13 ਵਿੱਚ ਤੁਰਕੀ ਅਤੇ ਅੰਗਰੇਜ਼ਾਂ ਵਿਚਾਲੇ ਜੰਗ ਛਿੜੀ, ਜਿਸ ਵਿੱਚ ਤੁਰਕੀ ਦੀ ਹਾਰ ਹੋਈ। ਹੁਣ ਤੁਰਕੀ ਦਾ ਸੁਲਤਾਨ ਭਾਰਤ ਦੇ ਮੁਸਲਮਾਨਾਂ ਦਾ ਧਾਰਮਿਕ ਰਹਿਨੁਮਾ ਸੀ, ਜਿਸ ਕਾਰਨ ਮੁਸਲਿਮ ਲੀਗ ਨੇ ਇਸ ਮੁੱਦੇ ਤੇ ਹਿੰਦੁਸਤਾਨੀ ਮੁਸਲਮਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ। ਜਦੋਂ ਸੰਸਾਰ ਜੰਗ ਅਗਲੇ ਵਰ੍ਹੇ ਛਿੜੀ, ਤੁਰਕੀ ਮਿੱਤਰ ਰਾਸ਼ਟਰਾਂ ਦੇ ਖਿਲਾਫ ਜਰਮਨੀ ਧੜੇ ਵਿੱਚ ਸ਼ਾਮਲ ਹੋ ਗਿਆ। ਭਾਰਤੀ ਮੁਸਲਮਾਨ ਇਸ ਅਵਸਰ ਦਾ ਉਪਯੋਗ ਅੰਗਰੇਜ਼ਾਂ ਤੇ ਦਬਾਅ ਬਨਾਉਣ ਲਈ ਕਰਨਾ ਚਾਹੁੰਦੇ ਸਨ। ਕਾਂਗਰਸ ਮੁਸਲਿਮ ਲੀਗ ਦੀ ਸਾਂਝੀ ਮੀਟਿੰਗ 1916 ਵਿੱਚ ਲਖਨਊ ਵਿੱਚ ਹੋਈ ਜਿਸ ਵਿੱਚ ਭਾਰਤ ਲਈ ਸਵਰਾਜ ਦੀ ਮੰਗ ਉਠਾਈ ਗਈ। ਪਹਿਲੀ ਸੰਸਾਰ ਜੰਗ ਵਿੱਚ ਪੰਜਾਬੀਆਂ ਨੇ ਕੁਝ ਅਪਵਾਦਾਂ ਜਿਹਾ ਕਿ ਕੂਕੇ ਸਿੱਖਾਂ ਨੂੰ ਛੱਡ ਕੇ ਫੌਜੀ ਭਰਤੀ ਵਿੱਚ ਅੰਗਰੇਜ਼ ਸਰਕਾਰ ਦੀ ਵੱਡੀ ਮਦਦ ਕੀਤੀ, ਇਸ ਆਸ ਨਾਲ ਕਿ ਜੰਗ ਤੋਂ ਬਾਅਦ ਹੋਮ ਰੂਲ ਮਿਲ ਸਕਦਾ ਹੈ ਪਰ ਮਿਲਿਆ ਰੌਲਟ ਐਕਟ ਅਤੇ 1919 ਈ. ਦੀ ਵੈਸਾਖੀ ਦੇ ਦਿਨ ਅੰਮ੍ਰਿਤਸਰ ਵਿੱਚ ਹਿੰਦੂ, ਸਿੱਖਾਂ, ਮੁਸਲਮਾਨਾਂ ਦਾ ਇੱਕ ਹਜ਼ਾਰ ਤੋਂ ਵੱਧ ਗਿਣਤੀ ਵਿੱਚ ਜੱਲ੍ਹਿਆਂ ਵਾਲਾ ਬਾਗ ਵਿੱਚ ਫ਼ੌਜ ਦੁਆਰਾ ਗੋਲੀਆਂ ਨਾਲ ਭੁੰਨ ਦਿੱਤਾ ਜਾਣਾ।

ਮੱਕਾ ਮਦੀਨਾ ਆਦਿ ਮੁਸਲਮਾਨਾਂ ਦੇ, ਆਸਥਾ ਦੇ ਕੇਂਦਰ ਪਹਿਲਾਂ ਤੁਰਕੀ ਦੀ ਹਕੂਮਤ ਵਿੱਚ ਸਨ ਪਰ ਮਈ 1920 ਤੱਕ ਇਹ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਚਲੇ ਗਏ। ਫਰਾਂਸ ਦੇ ਕਬਜ਼ੇ ਹੇਠ ਸੀਰੀਆ ਤੇ ਇਰਾਕ ਇੰਗਲੈਂਡ ਅਧੀਨ ਹੋ ਗਿਆ। ਇਰਾਕ ਵਿੱਚ ਕਰਬਲਾ, ਨਜ਼ਫ ਅਤੇ ਫਲਸਤੀਨ ਸਮੇਤ ਜੇਰੂਸ਼ਲਮ ਵੀ ਗੈਰ ਮੁਸਲਿਮ ਈਸਾਈ ਦੇਸ਼ਾਂ ਦੇ ਅਧੀਨ ਆ ਗਿਆ। ਇਸ ਵਰਤਾਰੇ ਦੇ ਵਿਰੁੱਧ ਮੁਸਲਮਾਨਾਂ ਵਿੱਚ ਖਿਲਾਫਤ ਲਹਿਰ ਚੱਲੀ। ਮਹਾਤਮਾ ਗਾਂਧੀ ਨੇ ਮਈ 1920 ਵਿੱਚ ਕਾਂਗਰਸ, ਮੁਸਲਿਮ ਲੀਗ ਅਤੇ ਖਿਲਾਫਤ ਕਾਨਫਰੰਸ ਨੂੰ ਸਾਂਝੇ ਤੌਰ ਤੇ ਆਪਣੀ ਸ਼ਾਂਤ ਮਈ ਸਹਿਯੋਗ ਦੀ ਨੀਤੀ ਨਾਲ ਤੋਰ ਲਿਆ। ਜਦੋਂ ਕਲਕੱਤਾ ਵਿਖੇ ਸਤੰਬਰ 1920 ਵਿੱਚ ਕਾਂਗਰਸ ਸੈਸ਼ਨ ਦੀ ਪਰਧਾਨਗੀ ਲਾਲਾ ਲਾਜਪਤ ਰਾਇ ਕਰ ਰਹੇ ਸਨ ਅਤੇ ਮਹਾਤਮਾ ਗਾਂਧੀ ਨੇ ਇੱਥੇ ਹੀ ਨਾਮਿਲਵਰਤਨ ਵਾਲਾ ਮਤਾ ਪਾਸ ਕਰਵਾਇਆ ਸੀ। ਹੁਣ ਤੱਕ ਕਾਂਗਰਸ ਵਿੱਚ ਸਰਗਰਮ ਮੁਹੰਮਦ ਅਲੀ ਜਿਨਾਹ ਉਦੋਂ ਕਾਂਗਰਸ ਛੱਡ ਗਏ। ਸਨਾਤਨੀ ਹਿੰਦੂ ਮਦਨ ਮੋਹਨ ਮਾਲਵੀਆ ਵੀ ਨਾਮਿਲਵਰਤਨ ਦੇ ਹੱਕ ਵਿੱਚ ਨਹੀਂ ਸੀ। ਅਗਸਤ 1921 ਵਿੱਚ ਮਲਿਆਲੀ ਭਾਸ਼ੀ ਮੋਪਲਾ ਮੁਸਲਮਾਨ ਦੱਖਣੀ ਭਾਰਤ ਵਿੱਚ, ਕਿਸਾਨੀ ਸਮੱਸਿਆਵਾਂ ਦੇ ਸਤਾਏ ਆਪਣੇ ਹਿੰਦੂ ਜਗੀਰਦਾਰ ਮਾਲਕਾਂ ਅਤੇ ਸਰਕਾਰ ਵਿਰੁੱਧ ਲੜਾਈ ਦੇ ਮੈਦਾਨ ਵਿੱਚ ਉਤਰ ਆਏ। ਬਹੁਤ ਸਾਰੇ ਹਿੰਦੂ ਮਾਰੇ ਗਏ ਅਤੇ ਕਈਆਂ ਨੂੰ ਜਬਰੀ ਧਰਮ ਪਰਿਵਰਤਨ ਲਈ ਮਜ਼ਬੂਰ ਕੀਤਾ। ਇਸ ਤੇ ਦੇਸ਼ ਭਰ ਵਿੱਚ ਹਿੰਦੂ

Sri Satguru Jagjit Singh Ji Elibrary NamdhariElibrary@gmail.com

ਮੁਸਲਿਮ ਏਕਤਾ ਪ੍ਰਭਾਵਿਤ ਹੋਈ। ਬਾਰਦੌਲੀ ਕਿਸਾਨ ਸਤਿਆਗ੍ਰਹਿ, ਦੱਖਣੀ ਗੁਜਰਾਤ ਦੇ ਕਿਸਾਨਾਂ ਨੇ ਸਰਕਾਰ ਨੂੰ ਟੈਕਸ ਦੇਣਾ ਬੰਦ ਕਰ ਦਿੱਤਾ। 8 ਫਰਵਰੀ 1922 ਨੂੰ, ਗੋਰਖਪੁਰ, ਪੂਰਬੀ ਯੂ. ਪੀ. ਦੇ ਇੱਕ ਜ਼ਿਲ੍ਹੇ ਵਿੱਚ ਪੁਲੀਸ ਵੱਲੋਂ ਗੋਲੀ ਚਲਾਏ ਜਾਣ ਦੇ ਰੋਸ ਵਜੋਂ 4000 ਹਿੰਦੂ, ਮੁਸਲਮਾਨਾਂ ਦੀ ਭੀੜ ਨੇ 22 ਪੁਲੀਸ ਵਾਲੇ ਮਾਰ ਕੇ, ਚੌਰੀ ਚੌਰਾ ਵਿਖੇ ਥਾਣੇ ਨੂੰ ਅੱਗ ਲਾ ਦਿੱਤੀ। ਮਹਾਤਮਾ ਗਾਂਧੀ ਨੇ ਸਿਖਰ ਤੇ ਪੁੱਜੇ ਸਤਿਆਗ੍ਰਹਿ ਅੰਦੋਲਨ ਨੂੰ ਇਸ ਘਟਨਾ ਦੇ ਬਹਾਨੇ ਵਾਪਿਸ ਲੈ ਕੇ, ਅੰਗਰੇਜ਼ਾਂ ਨੂੰ ਹਿੰਦੂ, ਮੁਸਲਿਮ ਵੰਡ ਪਾਊ ਨੀਤੀਆਂ ਲਈ 'ਖੁੱਲ੍ਹ' ਖੇਲਣ ਦਾ ਮੌਕਾ ਦਿੱਤਾ। ਉਧਰ ਤੁਰਕੀ ਵਿੱਚ ਨਵੇਂ ਉਭਰੇ ਮੁਸਲਿਮ ਨੇਤਾ ਮੁਸਤਫਾ ਕਮਾਲ ਨੇ ਖਿਲਾਫ਼ਤ ਅੰਦੋਲਨ ਨੂੰ ਖਤਮ ਕਰਕੇ, ਅੰਗਰੇਜ਼ਾਂ ਦਾ ਸਾਥ ਦਿੱਤਾ। ਇਸ ਕਾਰਨ ਭਾਰਤ ਵਿੱਚ ਹਿੰਦੂ ਮੁਸਲਿਮ ਏਕਤਾ ਜੋ ਜੱਲ੍ਹਿਆਂਵਾਲਾ ਬਾਗ ਵਿੱਚ ਸਾਂਝਾ ਖ਼ੂਨ ਵਹਾਉਣ ਸਦਕਾ ਕਾਇਮ ਹੋਈ ਸੀ, ਤਿੰਨ ਸਾਲ ਬਾਅਦ ਫਿਰ ਤਾਰ ਤਾਰ ਹੋ ਗਈ। ਇਸ ਦੌਰ ਵਿੱਚ ਅਲੀ ਭਰਾ ਅਤੇ ਹੋਰ ਕਈ ਆਗੂ ਮੁਸਲਮਾਨ, ਕਾਂਗਰਸ ਤੋਂ ਦੂਰ ਹੋ ਗਏ। ਪੰਜਾਬ ਵਿੱਚ ਅੰਗਰੇਜ਼ਾਂ ਨੇ 1923 ਵਿੱਚ ਸਰਕਾਰ ਨਾਲ ਮਿਲਵਰਤਨ ਲਈ ਫਜ਼ਲ ਹੁਸੈਨ ਤੇ ਛੋਟੂ ਰਾਮ ਤੇ ਆਧਾਰਿਤ ਯੂਨੀਅਨਿਸਟ ਪਾਰਟੀ ਨੂੰ ਪੰਜਾਬ ਦੀ ਕੌਂਸਲ ਵਿੱਚ ਨੁਮਾਇੰਦਗੀ ਦੇ ਕੇ ਆਪਣੇ ਵਫਾਦਾਰਾਂ ਨੂੰ ਸਨਮਾਨਿਆ ਅਤੇ ਕਾਂਗਰਸ ਨੂੰ ਵੀ ਪੰਜਾਬ ਵਿੱਚ ਕਮਜ਼ੋਰ ਕੀਤਾ। ਇਉਂ ਉਹਨਾਂ ਲਈ ਆਪਣਾ ਫਿਰਕੂ ਏਜੰਡਾ ਲਾਗੂ ਕਰਨਾ ਸੌਖਾ ਹੋ ਗਿਆ। ਇਸ ਲਈ ਕਾਂਗਰਸ ਪਾਸ ਕਿਸਾਨ ਕਾਰਜ ਕਰਮ ਨਾ ਹੋਣਾ ਵੀ ਇੱਕ ਕਾਰਨ ਸੀ। ਇਸੇ ਸਮੇਂ ਪੂਰਬ ਦਾ ਕਵੀ ਕਿਹਾ ਜਾਣ ਵਾਲਾ ਸ਼ਾਇਰ ਇਕਬਾਲ ਵੀ ਮੁਸਲਿਮ ਲੀਗ ਦੇ ਪ੍ਰਤੀਨਿਧੀ ਵਜੋਂ ਪੰਜਾਬ ਕੌਂਸਲ ਵਿੱਚ ਆਇਆ। ਯੂਨੀਅਨਿਸਟਾਂ ਨੇ ਸਰਕਾਰ ਤੋਂ ਭੂ ਮਾਮਲਾ ਘੱਟ ਕਰਵਾ ਕੇ, ਆਮ ਲੋਕਾਂ ਨੂੰ ਇਹ ਸੰਦੇਸ਼ ਦਿੱਤਾ, ਜਿਹੜਾ ਕੰਮ ਕਾਂਗਰਸ ਸਰਕਾਰ ਨਾਲ ਲੜ ਕੇ ਕਰਵਾਉਣਾ ਚਾਹੁੰਦੀ ਹੈ, ਅਸੀਂ ਉਹੋ ਕੰਮ ਉਸ ਨਾਲ ਸਹਿਯੋਗ ਕਰਕੇ ਕਰਵਾ ਰਹੇ ਹਾਂ। ਮੁਸਲਮਾਨਾਂ ਵਿੱਚ ਗਏ ਦਲਿਤਾਂ ਨੂੰ ਵਾਪਸ ਹਿੰਦੂ ਭਾਈਚਾਰੇ ਵਿੱਚ ਲਿਆਉਣ ਲਈ ਸ਼ੁੱਧੀ ਅੰਦੋਲਨ ਦੇ ਪੰਜਾਬ ਵਿੱਚ ਆਗੂ ਸੁਆਮੀ ਸ਼ਰਧਾਨੰਦ ਦਾ ਦਿੱਲੀ ਵਿਖੇ ਦਸੰਬਰ 1926 ਵਿੱਚ ਇੱਕ ਮੁਸਲਮਾਨ ਦੁਆਰਾ ਕਤਲ ਹੋਇਆ। ਲਾਹੌਰ ਦੇ ਇੱਕ ਆਰੀਆ ਸਮਾਜੀ ਰਾਜਪਾਲ ਦਾ ਜਿਸ ਤੇ ਹਜਰਤ ਮੁਹੰਮਦ ਸਾਹਿਬ ਖਿਲਾਫ ਇਤਰਾਜ਼ਯੋਗ ਲਿਖਤ ਛਾਪਣ ਦਾ ਮੁਕੱਦਮਾ ਚੱਲਿਆ ਸੀ, ਉਸਦੀ ਰਿਹਾਈ ਬਾਅਦ ਉਸਨੂੰ ਉਸਦੇ ਘਰ ਵਿੱਚ ਸਤੰਬਰ 1927 ਵਿੱਚ ਇਲਮਦੀਨ ਨੇ ਛੁਰਾ ਮਾਰ ਕੇ ਕਤਲ ਕਰ ਦਿੱਤਾ। ਬਾਅਦ ਵਿੱਚ ਇਸ ਮੁਸਲਮਾਨ ਨੂੰ ਫਾਂਸੀ ਦੇ ਦਿੱਤੀ ਗਈ। ਇਹਨਾਂ ਘਟਨਾਵਾਂ ਕਾਰਨ ਵੀ ਪੰਜਾਬ ਵਿੱਚ ਸੰਪ੍ਰਦਾਇਕ ਤਣਾਉ ਵਧਦਾ ਗਿਆ।

ਜਿਨਾਹ ਨੇ 1927-28 ਵਿੱਚ ਸਾਂਝੇ ਚੋਣ ਖੇਤਰ ਦੀ ਹਾਮੀ, ਇਸ ਸ਼ਰਤ ਤੇ ਭਰੀ ਕਿ ਕਾਂਗਰਸ, ਬੰਗਾਲ ਅਤੇ ਪੰਜਾਬ ਨੂੰ ਮੁਸਲਿਮ ਬਹੁ ਗਿਣਤੀ ਇਲਾਕੇ ਸਵੀਕਾਰ ਕਰੇ, ਸਿੰਧ ਨੂੰ ਬੰਬੇ ਪਰੈਜੀਡੈਂਸੀ ਤੋਂ ਅਲੱਗ ਕਰਕੇ ਮੁਸਲਿਮ ਬਹੁ ਗਿਣਤੀ ਵਾਲਾ ਖੇਤਰ ਬਣਾਇਆ ਜਾਏ ਅਤੇ ਕੇਂਦਰੀ ਵਿਧਾਨ ਸਭਾ ਵਿੱਚ ਮੁਸਲਮਾਨਾਂ ਦੀਆਂ ਤੀਜਾ ਹਿੱਸਾ ਸੀਟਾਂ ਨਿਸਚਿਤ ਕੀਤੀਆਂ ਜਾਣ। ਸੁਝਾਅ ਮਾੜਾ ਨਹੀਂ ਸੀ। ਬਹੁਤੇ ਕਾਂਗਰਸੀ ਵੀ ਇਹਦੇ ਨਾਲ ਸਹਿਮਤ ਸਨ ਪਰ ਪੰਜਾਬ ਦੇ ਗੈਰ-ਮੁਸਲਿਮ ਆਗੂ ਇਹਦੇ ਮੰਨਣ ਵਿੱਚ ਅੜਿੱਕਾ ਬਣੇ। ਹਿੰਦੁਸਤਾਨ ਸੋਸਲਿਸ਼ਟ ਰੀਪਬਲੀਕਨ ਆਰਮੀ ਦੇ ਯੁਵਾ ਚਿੰਤਕ ਭਗਤ ਸਿੰਘ ਅਤੇ ਸਾਥੀਆਂ ਤੇ ਜਦੋਂ ਲਾਹੌਰ ਸਾਜਿਸ਼ ਕੇਸ ਤਹਿਤ ਮੁਕੱਦਮਾ ਚੱਲ ਰਿਹਾ ਸੀ ਤਾਂ ਉਹਨਾਂ ਨੇ ਸਿਆਸੀ ਕੈਦੀਆਂ ਦੇ ਅਧਿਕਾਰਾਂ ਲਈ ਲੰਮੀ ਭੁੱਖ ਹੜਤਾਲ, ਲਾਹੌਰ ਜਿਹਲ ਵਿੱਚ ਕੀਤੀ ਸੀ। ਉਸ ਸਮੇਂ ਲਾਹੌਰ ਵਿੱਚ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਪਰਦਰਸ਼ਨ ਹੜਤਾਲੀਆਂ ਦੇ ਸਮਰਥਨ ਵਿੱਚ ਹੋਇਆ। ਦਿੱਲੀ ਦੀ ਕੇਂਦਰੀ ਵਿਧਾਨ ਸਭਾ ਵਿੱਚ ਜਿਨਾਹ ਅਤੇ ਮੋਤੀ ਲਾਲ ਨਹਿਰੂ ਨੇ ਇਹਨਾਂ ਦੇ ਹੱਕ ਵਿੱਚ ਜ਼ੋਰਦਾਰ ਆਵਾਜ਼ ਉਠਾਈ। ਜਤਿਨ ਨਾਥ ਦਾਸ ਜਦੋਂ 63 ਦਿਨਾਂ ਦੀ ਭੁੱਖ ਹੜਤਾਲ ਬਾਅਦ ਸ਼ਹੀਦ ਹੋ ਗਿਆ ਤਾਂ ਰੋਸ ਵਜੋਂ ਪੰਜਾਬ ਕੌਂਸਲ ਵਿੱਚੋਂ ਗੋਪੀ ਚੰਦ ਭਾਰਗੋ ਅਤੇ ਡਾ. ਮੁਹੰਮਦ ਅਸਲਮ ਨੇ ਅਸਤੀਫੇ ਦੇ ਦਿੱਤੇ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਫਾਂਸੀਆਂ ਨਾਲ ਵੀ ਇੱਕ ਵੇਰ ਸਾਰਾ ਦੇਸ਼ ਰੋਹ ਵਿੱਚ ਆ ਗਿਆ। ਇਸ ਲੋਕ ਰੋਹ ਨੂੰ ਖੁੰਢਾ ਕਰਨ ਲਈ, ਸਰਕਾਰੀ ਚਾਟੜਿਆਂ ਨੇ ਕਾਹਨਪੁਰ ਜਿਹੇ ਕਾਮਗਾਰਾਂ ਦੇ ਸ਼ਹਿਰ ਵਿੱਚ ਹਿੰਦੂ ਮੁਸਲਿਮ ਫਸਾਦ ਕਰਵਾਏ, ਜਿਹਨਾਂ ਵਿੱਚ ਭਗਤ ਸਿੰਘ ਹੋਰਾਂ ਦਾ ਸ਼ੁਭਚਿੰਤਕ, ਕੌਮੀ ਪੱਤਰਕਾਰ ਗਣੇਸ਼ ਸੰਕਰ ਵਿਦਿਆਰਥੀ, ਜੋ ਹਿੰਦੂ ਮੁਸਲਿਮ ਏਕਤਾ ਦਾ ਵੱਡਾ ਮੁਦਾਹ ਸੀ, ਮਾਰਿਆ ਗਿਆ।

1929 ਵਿੱਚ ਕਾਂਗਰਸ ਨੇ ਆਪਣੇ ਲਾਹੌਰ ਸੈਸ਼ਨ ਵਿੱਚ ਮੁਕੰਮਲ ਆਜ਼ਾਦੀ ਦਾ ਮਤਾ ਪਾਸ ਕੀਤਾ। ਫਿਰ ਦੁਬਾਰਾ ਅਸਹਿਯੋਗ ਅੰਦੋਲਨ ਚਲਾਇਆ, ਜਿਸ ਵਿੱਚ

1935 ਤੱਕ ਹਜ਼ਾਰਾਂ ਗ੍ਰਿਫਤਾਰੀਆਂ ਹੋਈਆਂ। ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਵਿਰੁੱਧ 1931 ਵਿੱਚ ਗਣਤੰਤਰ ਦੇ ਹੱਕ ਲੈਣ ਲਈ ਕਿਸਾਨਾਂ ਨੇ ਅੰਦੋਲਨ ਚਲਾਇਆ। ਕਾਂਗਰਸ ਨੇ ਇਸ ਦਾ ਸਮਰਥਨ ਨਾ ਕੀਤਾ। ਇਸ ਤੇ ਹਜ਼ਾਰਾਂ ਪੰਜਾਬੀ ਮੁਸਲਮਾਨ ਕਾਂਗਰਸ ਛੱਡ ਕੇ, ਨਵੀਂ ਬਣੀ ਅਹਿਰਾਰ ਪਾਰਟੀ ਵਿੱਚ ਚਲੇ ਗਏ। ਸੂਬਾ ਸਰਹੱਦ, ਸਿੰਧ, ਬਲੋਚਿਸਤਾਨ ਅਤੇ ਪੰਜਾਬ ਦੇ ਉੱਤਰ ਪੱਛਮ ਵੱਲ ਇੱਕ ਮੁਸਲਿਮ ਸਟੇਟ ਕਾਇਮ ਕਰਨ ਦਾ ਵਿਚਾਰ, ਡਾ. ਮੁਹੰਮਦ ਇਕਬਾਲ, ਜਿਸ ਨੂੰ 1922 ਵਿੱਚ ਅੰਗਰੇਜ਼ਾਂ ਨੇ ਸਰ ਦਾ ਖਿਤਾਬ ਦਿੱਤਾ ਸੀ, ਨੇ ਲਖਨਊ ਮੁਸਲਿਮ ਲੀਗ ਦੇ ਇਜਲਾਸ ਦੀ ਪ੍ਰਧਾਨਗੀ ਕਰਦਿਆਂ ਪੇਸ਼ ਕੀਤਾ। ਇਹ ਰਾਜ ਅੰਗਰੇਜ਼ਾਂ ਦੇ ਅਧੀਨ ਵੀ ਹੋ ਸਕਦਾ ਸੀ ਅਤੇ ਉਹਨਾਂ ਤੋਂ ਬਗੈਰ ਵੀ। ਕੈਂਬਰਿਜ ਯੂਨੀਵਰਸਿਟੀ (ਇੰਗਲੈਂਡ) ਦੇ ਇੱਕ ਵਿਦਿਆਰਥੀ ਚੌਧਰੀ ਰਹਿਮਤ ਅਲੀ ਨੇ ਇਸੇ ਆਧਾਰ ਤੇ 1933 ਵਿੱਚ ਇੱਕ ਉਪਰ ਵਰਣਿਤ ਇਲਾਕਿਆਂ ਦਾ ਨਕਸ਼ਾ ਉਲੀਕ ਕੇ, ਇਸ ਦਾ ਨਾਮ ਪਾਕਿਸਤਾਨ ਵੀ ਰੱਖ ਦਿੱਤਾ। ਉਦੋਂ ਜਹੇ ਦਸੰਬਰ 1932 ਵਿੱਚ, ਭਾਈ ਪਰਮਾਨੰਦ ਜੋ ਹਿੰਦੂ ਮਹਾਂ ਸਭਾ ਦੇ ਆਗੂ ਸਨ, ਨੇ ਕਿਹਾ ਕਿ ਸਾਨੂੰ ਮੁਸਲਿਮ ਬਹੁ ਗਿਣਤੀ ਵਾਲੇ ਇਸ ਇਲਾਕੇ ਪ੍ਰਤੀ ਕੋਈ ਇਤਰਾਜ਼ ਨਹੀਂ, ਬਸ਼ਰਤੇ ਇਸ ਵਿੱਚੋਂ ਹਿੰਦੂ ਬਹੁਗਿਣਤੀ ਇਲਾਕੇ, ਕੱਢ ਕੇ ਯੂ. ਪੀ. ਜਾਂ ਦਿੱਲੀ ਨਾਲ ਜੋੜ ਦਿੱਤੇ ਜਾਣ। ਸੰਨ 1931 ਵਿੱਚ ਹੋਈ ਗੋਲਮੇਜ਼ ਕਾਨਫਰੰਸ ਸਮੇਂ ਕਾਂਗਰਸ ਵਲੋਂ ਡਾ. ਅਨਸਾਰੀ ਨੇ ਵੀ ਜਾਣਾ ਸੀ ਪਰ ਸਰਕਾਰ ਨੇ ਆਖਰੀ ਸਮੇਂ ਉਸਦਾ ਨਾਮ ਕਟਵਾ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਕਾਂਗਰਸ ਨੂੰ ਮੁਸਲਮਾਨਾਂ ਦੀ ਹਮਾਇਤ ਨਹੀਂ ਹੈ।

1937 ਦੀਆਂ ਚੋਣਾਂ ਵਿੱਚ ਅੰਗਰੇਜ਼ਾਂ ਦੀ ਹਮਾਇਤੀ ਯੂਨੀਅਨਿਸਟ ਪਾਰਟੀ, ਫਿਰ ਪੰਜਾਬ ਵਿਧਾਨਕਾਰ ਕੌਂਸਲ ਵਿੱਚ 175 ਵਿੱਚੋਂ 95 ਸੀਟਾਂ ਜਿੱਤ ਕੇ ਸਰਕਾਰ ਬਣਾ ਗਈ। ਸਿਕੰਦਰ ਹਿਆਤ ਖਾਂ ਟਿਵਾਣਾ ਪੰਜਾਬ ਦਾ, ਜਿਵੇਂ ਉਦੋਂ ਕਿਹਾ ਜਾਂਦਾ ਸੀ, ਪ੍ਰਧਾਨ ਮੰਤਰੀ ਬਣ ਗਿਆ। ਹਿੰਦੂ ਮਹਾਂ ਸਭਾ ਦਾ ਮਨੋਹਰ ਲਾਲ ਉਸ ਦਾ ਖਜ਼ਾਨਾ ਮੰਤਰੀ ਸੀ। ਸਰ ਛੋਟੂ ਰਾਮ, ਖਿਜ਼ਰ ਹਿਆਤ ਅਤੇ ਸੁੰਦਰ ਸਿੰਘ ਮਜੀਠੀਆ ਹੋਰ ਵਜ਼ੀਰ ਸਨ। ਮੁਸਲਿਮ ਲੀਗ ਦੇ ਹਿੱਸੇ ਦੋ ਸੀਟਾਂ ਹੀ ਆਈਆਂ, ਇਹ ਵੀ ਯੂਨੀਅਨਿਸਟਾਂ ਵਿੱਚ ਸ਼ਾਮਲ ਹੋ ਗਏ। ਅਗਲੇ ਸਾਲਾਂ ਵਿੱਚ ਲੀਗ ਦੇ ਜਿਨਾਹ ਤੇ ਕਾਂਗਰਸ ਦੇ ਨਹਿਰੂ ਦੇ, ਇੱਕ ਦੂਜੇ ਦੇ ਵਿਰੁੱਧ ਬਿਆਨਾਂ ਨਾਲ ਅਖਬਾਰ ਭਰੇ ਹੁੰਦੇ। ਨਹਿਰੂ ਦੇਸ਼ ਦੀ ਸਿਆਸਤ ਵਿੱਚ ਦੋ ਹੀ ਧਿਰਾਂ, ਬਰਤਾਨਵੀ ਸਾਮਰਾਜ ਅਤੇ ਭਾਰਤੀ ਰਾਸ਼ਟਰਵਾਦ ਦੀ ਪ੍ਰਤੀਨਿਧ ਕਾਂਗਰਸ ਪਾਰਟੀ ਹੋਣ ਦੀ ਗੱਲ ਕਰਦਾ। ਜਿਨਾਹ ਦਾ ਕਹਿਣਾ ਸੀ ਕਿ ਤੀਜੀ ਧਿਰ ਵਜੋਂ ਭਾਰਤੀ ਮੁਸਲਮਾਨ ਵੀ ਕਾਂਗਰਸ ਪਾਰਟੀ ਜਿੰਨੇ ਹੀ ਅਸਰ ਅੰਦਾਜ਼ ਹਨ। 1937 ਵਿੱਚ ਹੀ ਲੀਗ ਦਾ ਸਮਾਗਮ ਲਖਨਊ ਹੋਇਆ ਜਿੱਥੇ ਸਿਕੰਦਰ ਹਿਆਤ ਖਾਂ ਅਤੇ ਜਿਨਾਹ ਵਿਚਾਲੇ ਇੱਕ ਪੈਕਟ ਹੋਇਆ। ਪੰਜਾਬ ਅਸੈਂਬਲੀ ਵਿੱਚ ਯੂਨੀਅਨਿਸਟਾਂ ਦੀ ਖ਼ੁਦ ਮੁਖਤਾਰੀ ਹੋਏਗੀ ਤੇ ਕੇਂਦਰੀ ਅਸੈਂਬਲੀ ਵਿੱਚ ਯੂਨੀਅਨਿਸਟ ਲੀਗ ਨੂੰ ਸਮਰਥਨ ਦੇਣਗੇ। ਇੰਗਲੈਂਡ ਦੇ ਪ੍ਰਧਾਨ ਮੰਤਰੀ ਚਰਚਿਲ ਨੇ ਸ਼ੁਰੂ ਅਕਤੂਬਰ 1937 ਵਿੱਚ ਭਾਰਤ ਦੇ ਵਾਇਸਰਾਇ ਨੂੰ ਸਲਾਹ ਦਿੱਤੀ ਸੀ ਕਿ ਕਾਂਗਰਸ ਦਾ ਰਸਤਾ ਰੋਕਣ ਲਈ ਭਾਰਤੀ ਮੁਸਲਮਾਨਾਂ ਵਿੱਚ ਆਪਣੀ ਹਮਾਇਤ ਬਣਾਉ। ਦੂਜੇ ਸੰਸਾਰ ਜੰਗ ਵਿੱਚ ਆਜ਼ਾਦੀ ਦੇ ਵਾਅਦੇ ਤੋਂ ਬਗੈਰ ਜਦੋਂ ਕਾਂਗਰਸ ਅੰਗਰੇਜ਼ਾਂ ਦੀ ਜੰਗੀ ਇਮਦਾਦ ਤੋਂ ਮੁੱਕਰ ਗਈ ਤਾਂ ਕਈ ਸੂਬਿਆਂ ਵਿੱਚ ਬਣੀਆਂ ਕਾਂਗਰਸ ਵਜ਼ਾਰਤਾਂ ਭੰਗ ਹੋ ਗਈਆਂ। ਇਸ ਤੇ ਦੇਸ਼ ਭਰ ਵਿੱਚ ਮੁਸਲਿਮ ਲੀਗ ਨੇ 22 ਦਸੰਬਰ 1939 ਮੁਕਤੀ ਦਿਵਸ ਵਜੋਂ ਮਨਾਇਆ। ਇਸੇ ਸਾਲ ਦੇ ਅਖੀਰ ਵਿੱਚ ਵਾਇਸਰਾਇ ਨੇ ਜਿਨਾਹ ਨੂੰ ਇਹ ਕਹਿ ਕੇ ਖੁਸ਼ ਕਰ ਦਿੱਤਾ ਕਿ ਤੇਰੀਆਂ ਸਾਰੀਆਂ ਗੱਲਾਂ ਦਾ ਸਾਰ ਮੁਸਲਮਾਨਾਂ ਲਈ ਵੱਖਰੇ ਸਟੇਟ ਵਿੱਚ ਹੀ ਸਾਕਾਰ ਹੁੰਦਾ ਹੈ। ਅਮਰੀਕੀ ਪਰਧਾਨ ਰੂਜ਼ਵੈਲਟ ਦੇ ਇਸ ਸੁਝਾਅ ਤੇ ਕਿ ਭਾਰਤੀਆਂ ਦੇ ਦਿਲ ਜਿੱਤੋ, ਦੂਜੇ ਜੰਗ ਦੇ ਦਿਨੀਂ 1942 ਵਿੱਚ ਕਰਿਪਸ ਮਿਸ਼ਨ ਭਾਰਤ ਆਇਆ, ਜਿਸ ਨੇ ਮੁਸਲਿਮ ਲੀਗ, ਕਾਂਗਰਸ ਅਤੇ ਸਿੱਖਾਂ ਦੇ ਨੁਮਾਇੰਦਿਆਂ ਨੂੰ ਜੋ ਜੋ ਕੁਝ ਉਹ ਚਾਹੁੰਦੇ ਸਨ ਗੱਲੀਂ ਬਾਤੀਂ ਦੇ ਦੇਣ ਦੇ ਸਬਜ਼ ਬਾਗ ਵਿਖਾ ਕੇ ਉਲਝਾਈ ਰੱਖਿਆ। ਇਸੇ ਸਮੇਂ ਕਾਂਗਰਸ ਨੂੰ ਨੈਸ਼ਨਲ ਸਰਕਾਰ ਬਨਾਉਣ ਜਿਸਦਾ ਰੱਖਿਆ ਵਿਭਾਗ ਅੰਗਰੇਜ਼ਾਂ ਕੋਲ ਹੋਵੇ, ਮੁਸਲਿਮ ਲੀਗ ਨੂੰ ਕਿਹਾ ਕਿ ਜੰਗ ਬਾਅਦ ਆਜ਼ਾਦ ਭਾਰਤ ਦੇ ਮੁਸਲਿਮ ਬਹੁਗਿਣਤੀ ਵਾਲੇ 4-5 ਰਾਜ ਖ਼ੁਦ ਮੁਖਤਾਰ ਹੋ ਕੇ ਆਪਣਾ ਰਾਜ ਕਾਇਮ ਕਰ ਸਕਦੇ ਹਨ। ਰਾਜਿਆਂ ਨੂੰ ਵੀ ਆਪੋ ਆਪਣੇ ਰਾਜਾਂ ਲਈ ਆਜ਼ਾਦੀ ਬਾਅਦ ਖ਼ੁਦ ਮੁਖਤਾਰੀ ਦੀ ਮੰਗ ਦਾ ਛਣਕਣਾ ਪਕੜਾ ਦਿੱਤਾ। ਸਿੱਖ ਸਮਝਦੇ ਸਨ ਕਿ ਪੱਛਮੀ ਪੰਜਾਬ ਵਿੱਚ ਬੇਸ਼ੱਕ ਉਹ ਘੱਟ ਗਿਣਤੀ ਹਨ, ਪਰ ਇੱਥੇ ਉਹਨਾਂ ਦੀ ਇਤਿਹਾਸਕ ਭੂਮਿਕਾ ਰਹੀ ਹੈ। ਰਾਜ ਗੋਪਾਲਚਾਰੀਆ ਦੀ ਪਹਿਲ ਕਦਮੀ ਤੇ 1942 ਦੀ ਮਦਰਾਸ ਕਾਂਗਰਸ ਵਿੱਚ ਕਾਂਗਰਸ ਤੇ ਲੀਗ

Sri Satguru Jagjit Singh Ji Elibrary NamdhariElibrary@gmail.com

ਰਲ ਕੇ ਸਰਕਾਰ ਬਨਾਉਣ, ਇਸ ਦਾ ਪੰਜਾਬ ਦੇ ਹਿੰਦੂ ਸਿੱਖ ਲੀਡਰਾਂ ਨੇ ਵਿਰੋਧ ਕੀਤਾ। ਪੰਜਾਬ ਦੇ ਹਿੰਦੂ ਸਿੱਖ ਦੇ ਵਿਰੋਧ ਕਾਰਨ ਰਾਜ ਗੋਪਾਲਚਾਰੀਆ ਜਿਹੇ ਵੱਡੇ ਕੌਮੀ ਆਗੂ ਨੂੰ, ਦੇਸ਼ ਵੰਡ ਦਾ ਸੁਝਾਅ ਮੰਨ ਲੈਣ ਤੇ ਕਾਂਗਰਸ ਵਿੱਚੋਂ ਨਿਕਲਣਾ ਪਿਆ। ਇਸੇ ਸਮੇਂ ਗਾਂਧੀ ਜੀ ਵਲੋਂ ਭਾਰਤ ਛੱਡੋ ਅੰਦੋਲਨ ਨੂੰ ਯੂ. ਪੀ., ਬਿਹਾਰ, ਬੰਗਾਲ ਅਤੇ ਬੰਬਈ ਪ੍ਰਾਂਤਾਂ ਵਿੱਚ ਮਿਲ ਰਹੀ ਸਫਲਤਾ, ਅੰਗਰੇਜ਼ਾਂ ਨੂੰ 1857 ਤੋਂ ਬਾਅਦ ਉਹੋ ਜਿਹਾ ਸਮਾਂ ਯਾਦ ਕਰਵਾ ਰਹੀ ਸੀ। ਪੰਜਾਬ ਵਿੱਚ ਭਾਵੀ ਰਣਨੀਤੀ ਦੀ ਆਹਟ ਹੇਠ ਹਿੰਦੂ, ਸਿੱਖ, ਮੁਸਲਮਾਨ, ਇਹ ਫਿਰਕੇ, ਦੇਸ਼ ਦੀ ਆਜ਼ਾਦੀ ਨਾਲੋਂ ਹਥਿਆਰਬੰਦ ਹੋ ਕੇ, ਮੁਸਲਿਮ-ਗ਼ੈਰ ਮੁਸਲਿਮ ਦੀ ਲੜਾਈ ਲੜਨ ਦੀਆਂ ਰੀਹਰਸਲਾਂ ਕਰਨ ਲੱਗ ਪਏ।

ਸਿਕੰਦਰ ਹਿਆਤ ਖਾਂ ਦਸੰਬਰ 1942 ਵਿੱਚ ਚੱਲ ਵਸਿਆ, ਹੁਣ ਪੰਜਾਬ ਦਾ ਪਰਧਾਨ ਮੰਤਰੀ ਇੱਕ ਹੋਰ ਯੂਨੀਅਨਿਸਟ ਆਗੂ ਖਿਜ਼ਰ ਹਿਆਤ ਖਾਂ ਟਿਵਾਣਾ ਬਣ ਗਿਆ। ਖਿਜ਼ਰ ਸਰਕਾਰ ਦਾ ਨਜ਼ਰੀਆ ਗ਼ੈਰ ਫ਼ਿਰਕੂ ਸੀ ਤੇ ਉਹ ਲੀਗ ਦੀਆਂ ਵਧ ਰਹੀਆਂ ਹਰਕਤਾਂ ਤੋਂ ਪਰੇਸ਼ਾਨ ਸੀ। ਇੰਗਲੈਂਡ ਦਾ ਪਰਧਾਨ ਮੰਤਰੀ ਭਾਵੇਂ ਟੌਰੀ ਪਾਰਟੀ ਦਾ ਚਰਚਿਲ ਸੀ ਜਾਂ ਬਾਅਦ ਵਿੱਚ ਬਣਿਆ ਲੇਬਰ ਪਾਰਟੀ ਦਾ ਐਟਲੀ, ਉਹ ਭਾਰਤ ਦੀ ਆਜ਼ਾਦੀ ਸਿਰਫ ਪਾਕਿਸਤਾਨ ਬਨਾਉਣ ਦੀ ਸ਼ਰਤ ਮੰਨਣ ਨਾਲ ਹੀ ਜੋੜ ਰਹੇ ਸਨ। ਇੱਕ ਇੰਗਲੈਂਡ ਪੱਖੀ ਦੇਸ਼ ਜਿਸ ਨੂੰ ਉਹ ਤੇ ਅਮਰੀਕਨ ਬਲਾਕ ਸੋਵੀਅਤ ਸੰਘ ਵਿਰੁੱਧ ਆਪਣੇ ਮੋਹਰੇ ਵਜੋਂ ਵਰਤ ਸਕਣ। ਮੁਸਲਿਮ ਲੀਗ ਪ੍ਰਥਾਇ ਇੱਕ ਲਚਕਦਾਰ ਨੀਤੀ ਅਪਨਾਉਣ ਵਿੱਚ ਗਾਂਧੀ ਤੋਂ ਬਿਨਾਂ ਬਾਕੀ ਕਾਂਗਰਸ ਲੀਡਰ ਅਸਫਲ ਰਹੇ। ਗਾਂਧੀ ਜੀ ਚਾਹੁੰਦੇ ਸਨ ਕਿ ਮੁਸਲਿਮ ਲੀਗ ਅਤੇ ਕਾਂਗਰਸ, ਜਿਨਾਹ ਦੀ ਅਗੁਆਈ ਵਿੱਚ ਦਿੱਲੀ ਵਿਖੇ ਹਕੂਮਤ ਕਾਇਮ ਕਰ ਲੈਣ ਤਾਂ ਦੇਸ਼ ਫਿਰਕੂ ਖਿੱਚੋਤਾਣ ਤੋਂ ਬਚਾ ਕੇ, ਇੱਕ ਰੱਖਿਆ ਜਾ ਸਕਦਾ ਹੈ। ਦੇਸ਼ ਦੀ ਏਕਤਾ ਲਈ ਉਹ ਕੇਂਦਰ ਵਿੱਚ ਕੇਵਲ ਮੁਸਲਿਮ ਲੀਗ ਦੀ ਅਗਵਾਈ ਵਾਲੀ ਸਰਕਾਰ ਨੂੰ ਵੀ ਮੰਨਣ ਲਈ ਤਿਆਰ ਸਨ। ਪਰ ਸਾਮਰਾਜ ਦੇ ਨੁਮਾਇੰਦੇ ਆਖਰੀ ਵਾਇਸਰਾਇ ਮਾਊਂਟਬੈਟਨ ਨੇ ਤਾਂ ਆਪਣਾ ਏਜੰਡਾ ਵੱਖਰੇ ਮੁਲਕ ਵਾਲਾ ਲਾਗੂ ਕਰਕੇ ਜਾਣਾ ਸੀ, ਇਸ ਲਈ ਉਹਨਾਂ ਨੇ ਕੁਝ ਅਫਸਰਸ਼ਾਹਾਂ ਰਾਹੀਂ ਨਹਿਰੂ ਅਤੇ ਪਟੇਲ ਨੂੰ ਗਾਂਧੀ ਜੀ ਦੀ ਮਹਾਤਮਾ ਗਿਰੀ ਦੇ ਖਿਲਾਫ ਸੁਚੇਤ ਕਰਕੇ, ਉਹਨਾਂ ਨੂੰ ਕਾਂਗਰਸ ਵਰਕਿੰਗ ਕਮੇਟੀ ਵਿੱਚ ਅਲੱਗ ਥਲੱਗ ਕਰਕੇ, ਪਾਕਿਸਤਾਨ ਦੀ ਕਾਇਮੀ ਅਤੇ ਪੰਜਾਬ ਤੇ ਬੰਗਾਲ ਦੀ ਵੰਡ ਦਾ ਰਾਹ ਪੱਧਰਾ ਕਰ ਦਿੱਤਾ। ਹੁਣ ਵੱਖ ਵੱਖ ਧਿਰਾਂ ਵਲੋਂ ਘਟਨਾਕ੍ਰਮ ਇਤਨੀ ਤੇਜ਼ੀ ਨਾਲ ਵਾਪਰਿਆ ਕਿ ਅੰਗਰੇਜ਼ ਹਾਕਮ ਜਿਹੜੇ ਮੱਧ 1948 ਵਿੱਚ ਦੇਸ਼ ਛੱਡ ਕੇ ਵਾਪਸ ਜਾਣਾ ਚਾਹੁੰਦੇ ਸਨ ਤਕਰੀਬਨ ਇੱਕ ਵਰ੍ਹਾ ਪਹਿਲਾਂ ਹੀ ਇਸਨੂੰ ਛੱਡ ਕੇ ਚਲੇ ਗਏ। ਦੇਸ਼ ਦੇ ਬਟਵਾਰੇ ਕਾਰਨ 10 ਲੱਖ ਲੋਕ, ਦੋਹੀਂ ਪਾਸੀਂ ਮਾਰੇ ਗਏ ਅਤੇ ਦੋ ਕਰੋੜ ਦੇ ਕਰੀਬ ਆਪੋ ਆਪਣੀਆਂ ਧਰਤੀਆਂ ਤੋਂ ਬੇਦਖਲ ਕਰਕੇ ਦੂਜੇ ਪਾਸੇ ਧਕੇਲੇ ਗਏ। ਹਿੰਸਾ, ਖੌਫ਼, ਕਤਲੋਗਾਰਦ, ਔਰਤਾਂ ਦੀ ਬੇਪੱਤੀ ਦਾ ਇੱਕ ਵਹਿਸ਼ੀ ਮੰਜ਼ਿਰ ਦੋਹੀਂ ਪਾਸੀਂ ਸਿਰਜਿਆ ਗਿਆ।

ਇਸ ਸਮੇਂ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੇ ਫਿਰਕੂ ਸੰਗਠਨਾਂ ਨੇ ਜਿੱਥੇ ਦੋਹੀਂ ਪਾਸੀਂ ਹਿੰਸਾ ਭੜਕਾਉਣ ਲਈ ਬਲਦੀ ਤੇ ਤੇਲ ਪਾਇਆ, ਉੱਥੇ ਦੋਹੀ ਪਾਸੀਂ ਐਸੇ ਲੋਕਾਂ ਦੀ ਗਿਣਤੀ ਵੀ ਕੋਈ ਘੱਟ ਨਹੀਂ, ਜਿਹਨਾਂ ਬਿਪਤਾ ਵਿੱਚ ਫਸੇ ਘੱਟ ਗਿਣਤੀ ਫਿਰਕਿਆਂ ਦੇ ਲੋਕਾਂ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਦੀ ਬਾਜੀ ਲਾ ਦਿੱਤੀ। ਭਾਰਤ ਅਤੇ ਪਾਕਿਸਤਾਨ ਦੇ ਪ੍ਰਾਂਤ ਪੰਜਾਬ ਦੀ ਵੰਡ ਦੇ ਇਤਿਹਾਸਿਕ ਕਾਰਨਾਂ ਦੀ ਪੜਚੋਲ ਕਰਨ ਵਾਲੇ ਲੇਖਕ, ਰਾਜ ਮੋਹਨ ਗਾਂਧੀ ਦੀ ਕਿਤਾਬ- 'ਪੰਜਾਬ-ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਦਾ ਇਤਿਹਾਸ' (ਅਨੁਵਾਦਕ, ਹਰਪਾਲ ਸਿੰਘ ਪੰਨੂ) ਵਿੱਚ ਦਰਜ ਹੈ- 'ਪਾਕਿਸਤਾਨੀ ਮੂਲ ਦੇ ਸਟਾਕਹੋਮ ਵਾਸੀ ਇਸ਼ਤਿਆਕ ਅਹਿਮਦ ਦੀ 2011 ਵਿੱਚ ਛਪੀ ਕਿਤਾਬ The Punjab Bloodied, Partitioned and cleansed ਸ਼ਾਇਦ ਇਸ ਉੱਥਲ ਪੁੱਥਲ ਦਾ ਸਭ ਤੋਂ ਸਹੀ ਅਤੇ ਮੁਕੰਮਲ ਵੇਰਵਾ ਹੈ। ਉਸਨੇ ਪ੍ਰਾਪਤ ਸਮੱਗਰੀ ਦਾ ਅਧਿਐਨ ਤਾਂ ਕੀਤਾ ਹੀ, ਅਣਵੰਡੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਸੈਂਕੜੇ ਚਸ਼ਮਦੀਦ ਗਵਾਹਾਂ ਨਾਲ ਮੁਲਾਕਾਤਾਂ ਕੀਤੀਆਂ ਹਨ।

"ਅਹਿਮਦ ਨੇ ਜੋ ਜਾਣਕਾਰੀ ਇਕੱਤਰ ਕੀਤੀ, ਲੇਖਕ ਸਮੇਤ ਅਨੇਕ ਲੋਕਾਂ ਦੀਆਂ ਯਾਦਾਂ ਹਨ, ਇਸ ਅਧਿਐਨ ਵਿੱਚ ਜੋ ਚੀਜ਼ ਮਿਲੀ ਹੈ, ਤੇ ਬਾਕੀ ਲੇਖਕਾਂ ਦੇ ਵੇਰਵਿਆਂ ਵਿੱਚ ਮਨਫੀ ਹੈ, ਉਹ ਹੈ ਦੋਵੇਂ ਪੰਜਾਬਾਂ ਵਿਚਲੇ ਉਹਨਾਂ ਬੰਦਿਆਂ ਦਾ ਜ਼ਿਕਰ, ਜਿਨ੍ਹਾਂ ਨੇ ਦੂਜਿਆਂ ਦੀਆਂ ਜਾਨਾਂ ਬਚਾਈਆਂ, ਬਚ ਨਿਕਲਣ ਵਿੱਚ ਮਦਦ ਕੀਤੀ।" ਇਸ ਫਿਰਕੂ ਝੱਖੜ ਵਿੱਚ ਵੀ ਆਪਣੇ ਪੈਰਾਂ ਸਿਰ ਖਲੋਕੇ, ਦੂਜੇ ਧਰਮ ਦੇ ਹਮਸਾਇਆਂ ਨੂੰ ਬਚਾਉਣ ਦੇ ਕਾਰਜ ਵਿੱਚ ਰੁੱਝੇ, ਹਿੰਦੂ, ਸਿੱਖ ਜਾਂ ਮੁਸਲਮਾਨ ਹੀ ਪੰਜਾਬੀ ਮਾਂ ਦੇ ਸੱਚੇ ਸਪੂਤ ਗਿਣੇ ਜਾਣਗੇ।

ਸਰਗੋਧੇ ਦੇ ਅਹਿਮਦ ਹਯਾਤ ਕਲਿਆਰ ਨੇ ਦੱਸਿਆ ਕਿ ਸਰਗੋਧੇ (ਸ਼ਾਹਪੁਰ) ਜ਼ਿਲ੍ਹੇ ਵਿੱਚ ਲਾਹੌਰ ਤੋਂ 120 ਮੀਲ ਉੱਤਰ ਪੱਛਮ ਵਿੱਚ ਉਹਨਾਂ ਦੇ ਖੇਤ ਸਨ। ਫਰੂਖਾ ਇਸ ਪਿੰਡ ਤੋਂ ਤਿੰਨ ਚਾਰ ਮੀਲ ਦੂਰ ਵੱਡਾ ਪਿੰਡ ਸੀ, ਜਿੱਥੇ ਇੱਕ ਖਾਲਸਾ ਹਾਈ ਸਕੂਲ ਸੀ। ਸਕੂਲ ਦਾ ਇੱਕ ਮਾਸਟਰ ਤਾਰਾ ਸਿੰਘ ਭਲਾ ਪੁਰਖ ਸੀ, ਉਹ ਸਿਲਾਂਵਾਲੀ ਪਿੰਡ ਵਿੱਚ ਹਿੰਦੂ ਸਿੱਖਾਂ ਦੇ ਕੈਂਪ ਵੱਲ ਜਾਂਦਾ, ਪਰਿਵਾਰ ਦੇ 6-7 ਜੀਆਂ ਸਣੇ ਰਸਤੇ ਵਿੱਚ ਵੱਢ ਟੁੱਕ ਦਾ ਸ਼ਿਕਾਰ ਹੋਇਆ, ਸਾਰਾ ਟੱਬਰ ਹੀ। ਕਲਿਆਰ ਵਿੱਚ ਇੱਕ ਭੋਗਾ ਰਾਮ ਚੁੱਘ ਨਾਂ ਦਾ ਹਿੰਦੂ ਪਰਿਵਾਰ ਸੀ, ਜਿਸ ਨੂੰ ਅਹਿਮਦ ਹਯਾਤ ਦੇ ਪਿਤਾ ਨੇ ਤਾਂਗਿਆਂ ਨਾਲ ਗਾਰਡਾਂ ਦਾ ਇੰਤਜ਼ਾਮ ਕਰਕੇ, ਸਿਲਾਂਵਾਲੀ ਸੁਰੱਖਿਅਤ ਕੈਂਪ ਵਿੱਚ ਪੁਚਾ ਦਿੱਤਾ। ਦੋਹਾਂ ਪਰਿਵਾਰਾਂ ਦੀ ਬਾਅਦ ਵਿੱਚ ਖ਼ਤ ਪੱਤਰੀ ਸਾਂਝ ਬਣੀ ਰਹੀ।

ਗੁਜਰਾਤ ਤਹਿਸੀਲ ਦਾ ਚੌਧਰੀ ਮੁਹੰਮਦ ਹਯਾਤ, ਸਕੁਐਡਰਨ ਲੀਡਰ ਵਜੋਂ ਪਾਕਿਸਤਾਰ ਏਅਰ-ਫੋਰਸ ਵਿੱਚੋਂ ਰੀਟਾਇਰ ਹੋਇਆ। ਉਸ ਦਾ ਪਿੰਡ ਗੁਜਰਾਤ ਸ਼ਹਿਤ ਤੋਂ ਪੂਰਬ ਵੱਲ ਚਾਰ ਮੀਲ ਤੇ ਸੂਕ ਖੁਰਦ ਸੀ। ਇਸ ਪਿੰਡ ਤੋਂ ਦੱਖਣ ਵੱਲ ਦੋ ਮੀਲ ਤੇ ਸੂਕ ਕਲਾਂ ਸੀ। ਇੱਥੇ ਇੱਕ ਨਰਾਇਣ ਦਾਸ ਨਾਂ ਦਾ ਹਿੰਦੂ ਸੱਜਣ ਸੀ, ਜੋ ਲੋੜਵੰਦਾਂ ਦੀ ਬਿਨਾਂ ਕਿਸੇ ਵਿਤਕਰੇ ਤੋਂ ਮਦਦ ਕਰਦਾ ਸੀ। ਹਯਾਤ ਦੇ ਸਕੂਲ ਦੇ ਅਧਿਆਪਕ ਇੱਕ ਭਗਤ ਸਾਹਿਬ ਸਨ। ਹਯਾਤ ਦੇ ਪਰਿਵਾਰ ਦੀ ਆਰਥਿਕ ਦਸ਼ਾ ਕਮਜ਼ੋਰ ਸੀ। ਭਗਤ ਸਾਹਿਬ ਨੇ ਨਰਾਇਣ ਦਾਸ ਪਾਸੋਂ ਉਸਨੂੰ ਤੀਹ ਰੁਪੈ ਦੀ ਸਹਾਇਤਾ ਲੈ ਕੇ ਦਿੱਤੀ ਤਾਂ ਕਿ ਉਹ ਪੜ੍ਹਾਈ ਵਿੱਚੇ ਨਾ ਛੱਡੇ। ਪਰ ਭਗਤ ਸਾਹਿਬ, ਪਰਿਵਾਰ ਦੇ ਜੀਅ ਮਾਰੇ ਜਾਣੇ ਸੁਣ ਕੇ, ਹਿੱਲ ਗਏ ਸਨ। ਹਯਾਤ ਉਹਨਾਂ ਨੂੰ 40 ਮੀਲ ਦੂਰ ਸਿਆਲਕੋਟ, ਸਾਈਕਲ ਦੀ ਕਾਠੀ ਤੇ ਬੈਠਾ ਕੇ, ਹਕੀਮ ਪਾਸ ਲੈ ਗਿਆ। ਮੁੜਦਿਆਂ ਹੋਇਆਂ ਹਯਾਤ ਨੇ ਗੁਜਰਾਤ ਕੋਲ ਰੋਕ ਕੇ ਹਿੰਦੂ ਰਫਿਊਜ਼ੀਆਂ ਦੀ ਗੱਡੀ ਜੋ ਸਾਰੀ ਵੱਢੀ ਗਈ ਸੀ ਵੇਖੀ। ਇਸ ਘਟਨਾ ਤੋਂ ਬਾਅਦ ਭਗਤ ਜੀ ਗਾਇਬ ਹੋ ਗਏ, ਹਯਾਤ ਨੇ ਬਹੁਤ ਭਾਲੇ ਪਰ ਉਹ ਨਾ ਮਿਲੇ। ਹਯਾਤ ਦੇ ਦੱਸਣ ਮੁਤਾਬਿਕ ਉਹਨਾਂ ਦੇ ਪਿੰਡ ਦੇ ਹਿੰਦੂ ਸਿੱਖਾਂ ਤੇ ਹਮਲੇ ਬਾਹਰਲੇ ਮੁਸਲਮਾਨ ਕਰਦੇ ਸਨ, ਉਹਨਾਂ ਦੇ ਪਿੰਡ ਦਾ ਕੋਈ ਵੀ ਮੁਸਲਮਾਨ ਇਸ ਪਾਗਲਪਣ ਦਾ ਸ਼ਿਕਾਰ ਨਾ ਹੋਇਆ।

ਬਲੋਚਿਸਤਾਨ ਕੋਇਟੇ ਦਾ ਅਬਦੁਰ ਰੱਬ ਮਲਿਕ ਦਾ 1921 ਈ. ਵਿੱਚ ਜਨਮ ਹੋਇਆ। ਐਕਸਾਈਜ਼ ਡੀਪਾਰਟਮੈਂਟ ਵਿੱਚ ਡਾਇਰੈਕਟਰ ਰੀਟਾਇਰ ਹੋਇਆ। ਦੰਗਿਆਂ ਸਮੇਂ ਉਸਨੇ ਕੋਇਟੇ ਇੱਕ ਸਿਨੇਮੇ ਦੀ ਚੈਕਿੰਗ ਤੇ ਜਾਣਾ ਸੀ। ਉਸਦਾ ਜੂਨੀਅਰ ਸ੍ਰ. ਜੋਗਿੰਦਰ ਸਿੰਘ ਸ਼ਾਮੀਂ ਜਿਹੇ ਉਸਦੇ ਘਰ ਆ ਗਿਆ। ਬਾਹਰ ਦੰਗਈਆਂ ਦਾ ਸ਼ੋਰ ਸੁਣਾਈ ਦੇ ਰਿਹਾ ਸੀ। ਉਹ ਘਬਰਾਇਆ ਪਰ ਮਲਿਕ ਨੇ ਧੀਰਜ ਦਿੱਤੀ। ਉਸ ਨੂੰ ਬੁਰਕਾ ਪੁਆ ਕੇ ਉਸਦੇ ਘਰ ਛੱਡਿਆ। ਫਿਰ ਘਰਵਾਲੀ ਅਤੇ ਉਸਦੇ ਲੜਕੇ ਨੂੰ ਵੀ ਬੁਰਕਾ ਪੁਆਇਆ। ਕੋਇਟੇ ਤੋਂ ਮਲਿਕ ਲਾਹੌਰ ਰੇਲਵੇ ਸਟੇਸ਼ਨ ਤੱਕ ਨਾਲ ਗਿਆ। ਲਾਹੌਰੋਂ ਉਸਦੀ ਗੱਡੀ ਤੋਰ ਕੇ ਵਾਪਿਸ ਆਇਆ। ਉਹ ਦਰਵਾਜ਼ਾ ਰਾਮ ਬਾਗ, ਅੰਮ੍ਰਿਤਸਰ ਸਹੀ ਸਲਾਮਤ ਪੁੱਜ ਗਏ। ਮਲਿਕ ਨੂੰ ਧੰਨਵਾਦ ਕਰਦਿਆਂ ਖ਼ਤ ਪਾ ਦਿੱਤਾ।

ਇਸੇ ਸ਼ਹਿਰ ਵਿੱਚ, ਹਿੰਦੂ ਹਲਵਾਈ ਸੇਠ ਹੇਮਲ ਦਾਸ, ਵੱਡਾ ਕਾਰੋਬਾਰੀ ਸੀ। ਉਹ ਸ਼ਾਇਰਾਂ ਨੂੰ ਮਠਿਆਈ ਮੁਫਤ ਦਿੰਦਾ ਸੀ। ਸ਼ਾਇਰ ਅਮੂਮਨ ਸਾਰੇ ਮੁਸਲਮਾਨ ਹੁੰਦੇ ਸਨ। ਇੱਕ ਰਾਤ ਮਲਿਕ ਨੂੰ ਸੇਠ ਦੇ ਬੇਟੇ ਲੀਲਾ ਰਾਮ ਨੇ ਦੁਕਾਨ ਦੀਆਂ ਚਾਬੀਆਂ ਦਾ ਗੁੱਛਾ ਸਉਂਪਿਆ। ਉਸਨੇ ਜਾ ਕੇ ਗੱਲਾ ਖੋਹਲਿਆ ਤਾਂ ਚੌਵੀ ਹਜ਼ਾਰ ਰੁਪੈ ਨਕਦ ਅਤੇ ਕੁਝ ਗਹਿਣੇ ਸਨ। ਇਸ ਸਾਰੇ ਕੁਝ ਸਮੇਤ ਮਲਿਕ ਲੀਲਾ ਰਾਮ ਨੂੰ ਬੁਰਕਾ ਪੁਆ ਕੇ ਉਹਦੇ ਘਰ ਛੱਡ ਆਇਆ। ਅਗਲੇ ਦਿਨ ਉਹ ਆਪਣੀ ਗਾਰਦ ਲੈ ਕੇ ਕੋਟੇ ਤੋਂ 50 ਮੀਲ ਦੂਰ ਮੱਛ ਰੇਲਵੇ ਸਟੇਸ਼ਨ ਤੇ ਸੇਠ ਪਰਿਵਾਰ ਨੂੰ ਗੱਡੀ ਚੜ੍ਹਾ ਆਇਆ। ਉਹ ਸਾਰੇ ਸਹੀ ਸਲਾਮਤ ਕਰਨਾਲ ਪੁੱਜ ਗਏ। ਜਿਹੜੇ ਮਲਿਕ ਦੀਆਂ ਅੱਖਾਂ ਸਾਂਹਵੇਂ ਜਨੂੰਨੀ ਭੀੜ ਦਾ ਸ਼ਿਕਾਰ ਹੋ ਗਏ, ਉਹਨਾਂ ਲਈ ਮਲਿਕ ਦੀਆਂ ਅੱਖਾਂ ਵਿੱਚ, ਰਾਜ ਮੋਹਨ ਗਾਂਧੀ 2005 ਈ. ਨੂੰ, ਮਾਡਲ ਟਾਊਨ ਲਾਹੌਰ ਵਿੱਚ ਬੈਠਾ, ਨਮੀ ਵੇਖ ਰਿਹਾ ਸੀ।

ਟੈਨਿਸ ਸਟਾਰ ਪ੍ਰੇਮ ਪਾਂਧੀ, ਪਿਛੋਕੜ ਲਾਇਲਪੁਰ ਦਾ, ਐਚੀਸਨ ਕਾਲਜ ਲਾਹੌਰ ਵਿੱਚ ਪੜ੍ਹਾਉਂਦਾ ਸੀ। ਪ੍ਰੇਮ ਦਾ ਬਹਿਨੋਈ ਨਰਿੰਦਰ ਨਾਥ ਚੋਪੜਾ ਅਤੇ ਉਸਦਾ ਭਰਾ ਕੇਦਾਰ ਨਾਥ ਦੋਵੇਂ ਪੁਲੀਸ ਅਫਸਰ ਸਨ। ਪ੍ਰੇਮ ਦੇ ਬਾਕੀ ਸੰਬੰਧੀ ਅਗਸਤ ਦੇ ਆਰੰਭ ਵਿੱਚ ਭਾਰਤ ਆ ਗਏ, ਉਹ ਇਹ ਸੋਚ ਕੇ ਰੁਕਿਆ ਰਿਹਾ ਕਿ ਪਾਗਲਪਨ ਸਦਾ ਨਹੀਂ ਰਹਿਣਾ। ਕਿਲਾ ਚੌਂਕ ਵਿੱਚ ਪ੍ਰੇਮ ਦਾ ਘਰ ਸੀ। ਨਰਿੰਦਰ ਨਾਥ ਤੇ ਕੇਦਾਰ ਨਾਥ ਆਪਣੀ ਮਾਤਾ ਸਮੇਤ, ਪਾਂਧੀ ਬਾਅਦ ਵਿੱਚ ਜਿਸ ਕੰਪਨੀ ਵਿੱਚ ਕੰਮ ਕਰਦਾ ਸੀ, ਉੱਥੇ ਆਏ ਕਿ ਉਹਨਾਂ ਦੀ ਬਦਲੀ ਦਿੱਲੀ ਅਤੇ ਪਾਣੀਪਤ ਦੀ ਹੋ ਗਈ ਹੈ।

Sri Satguru Jagjit Singh Ji Elibrary NamdhariElibrary@gmail.com

ਮਾਂ ਬਾਹਰ ਤਾਂਗੇ ਵਿੱਚ ਸੀ ਉਹ ਪਾਂਧੀ ਦੇ ਘਰ ਜਾਣਾ ਚਾਹੁੰਦੇ ਸਨ। ਪਾਂਧੀ ਨੇ ਕਿਹਾ ਕਿ ਸਮਾਂ ਮਾੜਾ ਹੈ ਪਰ ਉਹਨਾਂ ਆਪਣੇ ਵਾਕਿਫ ਪੁਲੀਸ ਅਫ਼ਸਰਾਂ ਦਾ ਹਵਾਲਾ ਦਿੱਤਾ ਜੋ ਇਸੇ ਇਲਾਕੇ ਵਿੱਚ ਸਨ। ਉਹ ਪ੍ਰੇਮ ਦੀ ਕੰਪਨੀ ਦੀ ਕਾਰ ਵਿੱਚ ਕਿਲਾ ਚੌਂਕ ਉਸਦੇ ਘਰ ਅੱਪੜੇ ਪਰ ਜਦੋਂ ਉਹਨਾਂ ਨੇ ਤਿੰਨ ਚਾਰ ਘੰਟਿਆਂ ਬਾਅਦ ਤਾਂਗਿਆਂ ਤੇ ਸਮਾਨ ਲੱਦਿਆ ਤਾਂ ਭੀੜ ਨੇ ਹਮਲਾ ਬੋਲ ਦਿੱਤਾ। ਕਾਰ ਦੇ ਟਾਇਰਾਂ ਵਿੱਚੋਂ ਹਵਾ ਕੱਢ ਦਿੱਤੀ। ਦੋਹਾਂ ਨੂੰ ਮਾਰ ਦਿੱਤਾ। ਮਾਂ ਜ਼ਖਮੀ ਹੋਈ ਪੁਲੀਸ ਨੇ ਬਚਾ ਲਈ। ਪ੍ਰੇਮ ਪਾਂਧੀ ਸਲਵਾਰ ਕਮੀਜ਼ ਤੇ ਪਿਸ਼ਾਵਰੀ ਚੱਪਲਾਂ ਕਾਰਨ ਮੁਸਲਮਾਨ ਹੋਣ ਦਾ ਭੁਲੇਖਾ ਪਾਉਣ ਸਦਕਾ ਬਚ ਗਿਆ। ਪੁਲੀਸਵਾਲੇ ਉਸ ਨੂੰ ਥਾਣੇ ਲੈ ਗਏ। ਜਿੱਥੋਂ ਉਸਨੇ ਆਪਣੇ ਜਾਣੂ, ਡੀ. ਆਈ. ਜੀ. ਪੰਜਾਬ ਪੁਲੀਸ ਅਨਵਰ ਅਲੀ ਨੂੰ ਫੋਨ ਤੇ ਸਾਰੀ ਹਾਲਾਤ ਦਾ ਵੇਰਵਾ ਦਿੱਤਾ। ਅਲੀ ਨੇ ਪੁਲੀਸ ਨੂੰ ਮੁਸਤੈਦੀ ਰੱਖਣ ਲਈ ਫੋਨ ਤੇ ਕਿਹਾ ਅਤੇ ਹਥਿਆਰਬੰਦ ਗਾਰਦਾਂ ਸਮੇਤ ਦੋ ਜੀਪਾਂ ਲੈ ਕੇ ਥਾਣੇ ਆ ਗਿਆ। ਪਾਂਧੀ ਦੋ ਤਿੰਨ ਦਿਨ ਉਸਦੇ ਘਰ ਰਿਹਾ। ਅਖੀਰ ਅਲੀ ਨੇ ਦਿੱਲੀ ਜਾਣ ਵਾਲੇ ਜਹਾਜ਼ ਦੀ ਟਿਕਟ ਖਰੀਦ ਕੇ ਪਾਂਧੀ ਨੂੰ ਲਿਆ ਦਿੱਤੀ ਅਤੇ ਆਪਣੀ ਕਾਰ ਦੀ ਚਾਬੀ ਫੜਾ ਕੇ ਕਿਹਾ, 'ਖ਼ੁਦ ਚਲਾ ਕੇ ਹਵਾਈ ਅੱਡੇ ਤੇ ਜਾਉ। ਇਸ ਤਰ੍ਹਾਂ ਸ਼ੱਕ ਨਹੀਂ ਹੋਏਗਾ।' ਪਾਂਧੀ ਨੇ ਵੀ 2005 ਈ. ਵਿੱਚ ਰਾ. ਮੋ. ਗਾਂਧੀ ਨੂੰ ਦੱਸਿਆ ਕਿ ਉਸਨੇ ਅਨਵਰ ਅਲੀ ਨੂੰ ਟਿਕਟ ਦੇ ਪੈਸੇ ਸ਼ਾਇਦ ਹੀ ਮੋੜੇ ਹੋਣ।

ਇਸੇ ਤਰ੍ਹਾਂ ਭਾਰਤ ਵਾਲੇ ਪਾਸੇ ਬਹੁਤ ਸਾਰੇ ਨੇਕ ਸਿੱਖ ਅਤੇ ਹਿੰਦੂ ਵੀ ਸਨ, ਜਿਹਨਾਂ ਨੇ ਉੱਜੜ ਕੇ ਜਾਣ ਵਾਲੇ ਮੁਸਲਮਾਨ ਪਰਿਵਾਰਾਂ ਦੇ ਜੀਆਂ ਨੂੰ ਸੁਰੱਖਿਅਤ ਪਾਕਿਸਤਾਨ ਪੁਚਾਉਣ ਵਿੱਚ ਮਦਦ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਹੱਕ ਵਿੱਚ, ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਹਾਅ ਦਾ ਨਾਅਰਾ ਮਾਰਨ ਵਾਲੇ ਨਵਾਬ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਨੂੰ ਇਸ ਨੇਕੀ ਦਾ ਇਵਜ਼ਾਨਾ, ਢਾਈ ਸਦੀਆਂ ਬਾਅਦ ਵੀ ਮਿਲਿਆ,ਜਦੋਂ ਦੇਸ਼ ਦੇ ਬਟਵਾਰੇ ਸਮੇਂ ਮਲੇਰਕੋਟਲਾ ਸ਼ਹਿਰ ਜਾਂ ਰਿਆਸਤ ਦੇ ਮੁਸਲਮਾਨਾਂ ਤੇ ਜਨੂੰਨੀ ਹਿੰਦੂ ਸਿੱਖਾਂ ਵੱਲੋਂ ਕੋਈ ਬੱਝਵਾਂ ਹਮਲਾ ਨਹੀਂ ਕੀਤਾ ਗਿਆ। ਬਾਕੀ ਪੂਰਬੀ ਪੰਜਾਬ ਦੇ ਮੁਸਲਮਾਨ ਵੀ ਸੁਰੱਖਿਆ ਵਾਸਤੇ, ਮਲੇਰਕੋਟਲੇ ਸ਼ਹਿਰ ਵਿੱਚ ਪੁੱਜਣ ਨੂੰ ਤਰਜੀਹ ਦਿੰਦੇ ਜਿੱਥੋਂ ਰੇਲ ਦੁਆਰਾ ਉਹਨਾਂ ਦਾ ਪਾਕਿਸਤਾਨ ਦਾ ਸਫ਼ਰ ਬਚਾਅ ਵਾਲਾ ਗਿਣਿਆ ਜਾਂਦਾ ਸੀ। ਪਾਕਿਸਤਾਨ ਦੇ "ਬਜ਼ੁਰਗ ਕਮਿਊਨਿਸਟ ਨੇਤਾ ਸ਼ੌਕਤ ਅਲੀ ਦੇ ਅਨੁਸਾਰ, ਸ਼ੇਖ ਮੁਹੰਮਦ ਰਫੀਕ ਜੋ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ ਪਰ ਪਾਰਟੀ ਦੀ ਹਦਾਇਤ ਤੇ ਮੁਸਲਿਮ ਲੀਗ ਵਿੱਚ ਸ਼ਾਮਲ ਹੋ ਗਿਆ ਸੀ, ਉਸਨੇ ਅਤੇ ਅਹਿਮਦ ਸਈਅਦ ਕਿਰਮਾਨੀ ਜੋ ਕਿ ਮੁਸਲਿਮ ਲੀਗ ਲੀਡਰ ਸੀ, ਹਿੰਦੂਆਂ ਸਿੱਖਾਂ ਉੱਤੇ ਹਮਲਿਆਂ ਨੂੰ ਨਿਰਉਤਸ਼ਾਹਿਤ ਕੀਤਾ। ਮੀਆਂ ਇਫਤਿਖਾਰੁਦੀਨ, ਡੇਨੀਅਲ ਲਤੀਫ, ਸੋਹਣ ਸਿੰਘ ਜੋਸ਼ ਅਤੇ ਟੀਕਾ ਰਾਮ ਸੁਖਨ ਸੀਨੀਅਰ ਕਾਮਰੇਡ ਸਨ, ਜਿਨ੍ਹਾਂ ਨੇ ਆਪਣਾ ਪ੍ਰਭਾਵ ਵਰਤਕੇ ਸਾਰੇ ਫਿਰਕਿਆਂ ਦੇ ਲੋਕਾਂ ਨੂੰ ਵੱਢ ਟੁੱਕ ਅਤੇ ਲੁੱਟ ਮਾਰ ਕਰਨ ਤੋਂ ਰੋਕਿਆ। ਸ਼ਮੀਮ ਅਸ਼ਰਫ ਮਲਿਕ ਅਤੇ ਮੈਂ ਪਾਰਟੀ ਦੇ ਨੌਜਵਾਨ ਮੈਂਬਰ ਸਾਂ, ਜਿਨ੍ਹਾਂ ਨੇ ਲੋੜਵੰਦ ਵਿਅਕਤੀਆਂ ਦੀ ਮੱਦਦ ਕਰਨ ਦਾ ਕੰਮ ਕੀਤਾ।" ਇਹ ਇੰਟਰਵਿਊ ਅਤੇ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਹਨੇਰੇ ਵਿੱਚ ਚਾਨਣ ਦੀਆਂ ਰਿਸ਼ਮਾਂ ਜਿਹੇ ਬਿਰਤਾਂਤ, ਪਿਛਲੇ ਸਾਲ ਪ੍ਰਕਾਸ਼ਿਤ ਹੋਈ ਸੁਖਪਾਲ ਸਿੰਘ ਹੁੰਦਲ ਦੀ ਕਿਤਾਬ, ਬਿਖਰੇ ਪੰਜਾਬ ਦੀ ਗਾਥਾ ਵਿੱਚ ਮਿਲਦੇ ਹਨ।

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਛੱਜਲ ਵੱਢੀ ਦਾ ਕਾਮਰੇਡ ਗਹਿਲ ਸਿੰਘ ਸੀ। ਉਸਨੇ ਵੀ ਕਮਿਊਨਿਸਟ ਪਾਰਟੀ ਦੀ ਹਦਾਇਤ ਅਨੁਸਾਰ, ਆਪਣੇ ਕਾਮਰੇਡ ਸਾਥੀਆਂ ਦਾ ਛੋਟਾ ਮੋਟਾ ਜਥਾ ਬਣਾਇਆ ਅਤੇ ਮੁਸੀਬਤ ਵਿੱਚ ਘਿਰੇ ਮੁਸਲਮਾਨਾਂ ਨੂੰ ਸੁਰੱਖਿਅਤ ਪਾਕਿਸਤਾਨ ਦਾ ਬਾਰਡਰ ਲੰਘਾਉਣ ਵਿੱਚ ਸਹਾਈ ਹੁੰਦੇ। ਕਾਮਰੇਡ ਛੱਜਲ ਵੱਢੀ ਨੂੰ ਇਲਾਕੇ ਦੇ ਜਨੂੰਨੀ ਅਕਾਲੀ ਆਗੂਆਂ ਨੇ ਅਜਿਹਾ ਨੇਕ ਕੰਮ ਕਰਨ ਤੋਂ ਕਈ ਵੇਰ ਵਰਜਿਆ ਅਤੇ ਨਤੀਜਾ ਭੁਗਤਣ ਦੀ ਧਮਕੀ ਵੀ ਦਿੱਤੀ। ਜਦੋਂ ਕਾਮਰੇਡ ਜੀ ਆਪਣੇ ਮਾਨਵਤਾਵਾਦੀ ਪੈਂਤੜੇ ਤੋਂ ਨਾ ਥਿੜਕੇ ਤਾਂ ਇੱਕ ਦਿਨ ਇੱਕ ਅਕਾਲੀ ਆਗੂ ਦੀ ਜੀਪ ਨੇ ਉਹਨਾਂ ਦੇ ਸਾਈਕਲ ਵਿੱਚ ਟੱਕਰ ਮਾਰਕੇ, ਫੱਟੜ ਕਰ, ਸਣੇ ਸਾਈਕਲ ਜੀਪ ਵਿੱਚ ਸੁੱਟ ਲਏ ਅਤੇ ਸਹਿਕਦੇ ਹੋਏ ਨੂੰ ਅੰਮ੍ਰਿਤਸਰ ਲਿਜਾ ਕੇ, ਗੁਰੂ ਘਰ ਦੇ ਵੱਡੇ ਲੰਗਰ ਦੀਆਂ ਚਰ੍ਹਾਂ ਵਿੱਚ ਡਾਹ ਕੇ, ਬਾਲਣ ਦੇ ਨਾਲ ਹੀ ਸਸਕਾਰ ਕਰ ਦਿੱਤਾ ਗਿਆ। ਇਸੇ ਤਰ੍ਹਾਂ ਉਸੇ ਸਮੇਂ ਇੱਕ ਦਿਨ ਅੰਮ੍ਰਿਤਸਰ ਸ਼ਹਿਰ ਵਿੱਚ ਇੱਕ ਦਿਨ ਜਨੂੰਨੀਆਂ ਨੇ ਕੁਝ ਮੁਸਲਮਾਨ ਔਰਤਾਂ ਘੇਰੀਆਂ ਹੋਈਆਂ ਸਨ। ਇਹਨਾਂ ਦੀ ਮਨਸ਼ਾ ਅਭਾਗਣਾਂ ਨੂੰ ਅਲਫ ਨੰਗੀਆਂ ਕਰਕੇ, ਅੰਮ੍ਰਿਤਸਰ ਦੇ ਬਜ਼ਾਰਾਂ ਵਿੱਚ ਇਹਨਾਂ ਦਾ ਜਲੂਸ ਕੱਢਣਾ ਸੀ। ਜਦੋਂ ਇਸ ਘਟਨਾ ਦਾ ਪਤਾ ਪ੍ਰਸਿੱਧ ਅਕਾਲੀ ਆਗੂ ਮਾ. ਤਾਰਾ ਸਿੰਘ ਦੀ ਪੁੱਤਰੀ ਬੀਬੀ ਰਜਿੰਦਰ ਕੌਰ ਨੂੰ ਲੱਗਾ ਤਾਂ ਉਹ ਆਪਣੇ ਨਾਲ ਕੁਝ ਹੋਰ ਨੇਕ ਦਿਲ ਬੀਬੀਆਂ ਲੈ ਕੇ

ਸੰਬੰਧਿਤ ਅਕਾਲੀ ਆਗੂਆਂ ਪਾਸ ਪੁੱਜ ਗਈਆਂ ਕਿ ਅਜਿਹਾ ਨਾ ਕਰੋ। ਜਦੋਂ ਉਹ ਆਗੂ ਟੱਸ ਤੋਂ ਮੱਸ ਨਾ ਹੋਏ ਤਾਂ ਇਹਨਾਂ ਬੀਬੀਆਂ ਨੇ ਕਿਹਾ ਕਿ ਜਿਵੇਂ ਹੀ ਤੁਸੀਂ ਮੁਸਲਮਾਨ ਬੀਬੀਆਂ ਨੂੰ ਵਸਤਰਹੀਣ ਕਰੋਗੇ, ਅਸੀਂ ਸਾਰੀਆਂ ਵੀ ਆਪਣੇ ਕੱਪੜੇ ਆਪ ਪਾੜ ਕੇ, ਇਹਨਾਂ ਜਿਹੀਆਂ ਹੋ ਕੇ ਇਹਨਾਂ ਨਾਲ ਤੁਰ ਪਵਾਂਗੀਆਂ। ਇਹ ਧਮਕੀ ਕੰਮ ਕਰ ਗਈ ਤੇ ਗੁਰੂ ਕੀ ਨਗਰੀ, ਇਸ ਉਪੱਦਰ ਨਾਲ ਕਲੰਕਤ ਹੋਣੋਂ ਬਚ ਗਈ।

ਦੇਸ਼ ਬਟਵਾਰੇ ਤੋਂ ਸੱਤ ਅੱਠ ਮਹੀਨੇ ਪਹਿਲਾਂ ਨਾਮਧਾਰੀ ਪੰਥ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਦੋਂਕੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਵਿੱਚ, ਪਾਕਿਸਤਾਨੋਂ ਆਉਣ ਵਾਲੇ ਆਪਣੇ ਸਿੱਖਾਂ ਲਈ ਚਚਾਲ ਕੋਠੀ, ਜੱਗ ਮਲੇਰਾ, ਅਲੀਪੁਰਾ ਤੇ ਕੰਜਰਵਾਲ ਪਿੰਡਾਂ ਵਿੱਚ ਕੋਈ 11230 ਏਕੜ ਜ਼ਮੀਨ ਸਮੂਹਿਕ ਤੌਰ ਤੇ ਖਰੀਦੀ ਸੀ। ਇਸ ਸਮੇਂ ਇਸ ਜ਼ਮੀਨ ਦੇ ਪਰਬੰਧ ਲਈ ਨਾਮਧਾਰੀਆਂ ਦਾ ਨਿਵਾਸ ਚਚਾਲ ਕੋਠੀ ਵਿੱਚ ਸੀ, ਜਿੱਥੇ ਗੁਰੂ ਕਾ ਲੰਗਰ ਵੀ ਚੱਲਦਾ ਸੀ। ਇਹ ਇਲਾਕਾ ਮੁਸਲਿਮ ਵੱਸੋਂ ਵਾਲਾ ਸੀ ਤੇ ਮਾਰਚ 1947 ਦੇ ਪੱਛਮੀ ਪੰਜਾਬ ਵਿੱਚ ਹੋਏ ਫਸਾਦਾਂ ਬਾਅਦ ਮਾਹੌਲ ਉਤੇਜਿਤ ਸੀ। ਇਹਨਾਂ ਨਾਮਧਾਰੀਆਂ ਦੀ ਸੁਰੱਖਿਆ ਲਈ ਇਸ ਕੋਠੀ ਵਿੱਚ ਪੰਜਾਬ ਪੁਲੀਸ ਵੱਲੋਂ ਦੋ ਹਿੰਦੂ ਸਿਪਾਹੀ ਤਾਇਨਾਤ ਸਨ। ਜਦੋਂ ਦੇਸ਼ ਦੀ ਵੰਡ ਹੋ ਗਈ ਤਾਂ ਜ਼ਿਲ੍ਹਾ ਹਿਸਾਰ ਵਿੱਚ ਪਾਕਿਸਤਾਨ ਜਾਣ ਲਈ ਮੁਸਲਮਾਨਾਂ ਦਾ ਕੈਂਪ ਬੀਘੜ ਪਿੰਡ ਵਿੱਚ ਖੋਹਲਿਆ ਗਿਆ ਤੇ ਫਿਰ ਇਹ ਬੀਘੜ ਦਾ ਵੱਡਾ ਕਾਫਲਾ ਫਤੇਹਾਬਾਦ, ਸਿਰਸਾ, ਓਟੂ ਹੁੰਦਾ ਹੋਇਆ, ਉੱਤਰੀ ਘੱਗਰ ਨਹਿਰ ਦੇ ਨਾਲ ਨਾਲ ਪੰਜਾਬ ਦੀ ਹੱਦ ਵਿੱਚੋਂ ਬੀਕਾਨੇਰ ਰਿਆਸਤ ਵਿੱਚ ਪੈਂਦੇ ਪਿੰਡ ਸੂਰੇਵਾਲੇ ਵੱਲ ਵਧ ਰਿਹਾ ਸੀ। ਬੀਕਾਨੇਰ ਰਿਆਸਤ ਮੁਸਲਮਾਨਾਂ ਲਈ ਸੁਰੱਖਿਅਤ ਲਾਂਘਾ ਸਮਝੀ ਜਾਂਦੀ ਸੀ ਤੇ ਫਿਰ ਉਹ ਪਾਕਿਸਤਾਨੀ ਇਲਾਕੇ ਵਿੱਚ ਜਲਦੀ ਪਹੁੰਚ ਜਾਂਦੇ ਸਨ। ਉੱਤਰੀ ਘੱਗਰ ਨਹਿਰ ਜਿਸ ਦੀ ਪਟੜੀ ਉਪਰ ਕਾਫਲਾ ਲੰਘ ਰਿਹਾ ਸੀ, ਚਚਾਲ ਕੋਠੀ (ਹੁਣ ਦਾ ਨਾਂ ਜੀਵਨ ਨਗਰ) ਕੋਲੋਂ ਮਸਾਂ ਪੌਣਾ ਕੁ ਕਿਲੋਮੀਟਰ ਦੂਰ ਸੀ। ਦੋ ਮੁਸਲਮਾਨ ਮਿਰਾਸੀ ਪਿਉ ਪੁੱਤਰਾਂ ਦੀ ਇੱਕ ਖੋਤੀ, ਕਾਫਲੇ ਵਿੱਚੋਂ ਇਧਰ ਉਧਰ ਹੋ ਗਈ ਤਾਂ ਉਹ ਉਸਨੂੰ ਲੱਭਦੇ ਚਚਾਲ ਕੋਠੀ ਆ ਗਏ। ਇੱਥੋਂ ਦੇ ਸਿੱਖਾਂ ਨੇ ਉਹਨਾਂ ਨੂੰ ਲੰਗਰ ਵਿੱਚੋਂ ਪਰਸ਼ਾਦਾ ਪਾਣੀ ਛਕਾਇਆ। ਜਦੋਂ ਉਹ ਕੋਠੀ ਵਿੱਚੋਂ ਨਿਕਲ ਕੇ ਨਹਿਰ ਦੀ ਪਟੜੀ ਵੱਲ ਵਧ ਰਹੇ ਸਨ, ਤਾਂ ਦੋਹਾਂ ਪੁਲੀਸ ਵਾਲਿਆਂ ਨੇ ਉਹਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਉਸ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਉੱਥੇ ਨਹੀਂ ਸਨ। ਉਹ ਕੁਝ ਦਿਨਾਂ ਬਾਅਦ ਆਏ ਅਤੇ ਸਿੱਖਾਂ ਨੇ ਉਹਨਾਂ ਨੂੰ ਬੇਦੋਸ਼ ਮੁਸਲਮਾਨਾਂ ਦੇ ਮਾਰੇ ਜਾਣ ਦੀ ਵਾਰਤਾ ਦੱਸੀ।

ਇਹ ਸੁਣ ਕੇ ਸਤਿਗੁਰੂ ਜੀ ਰੋਹ ਵਿੱਚ ਆ ਗਏ ਅਤੇ ਦੋਹਾਂ ਸਿਪਾਹੀਆਂ ਨੂੰ ਕਹਿਣ ਲੱਗੇ- "ਮੈਨੂੰ ਜਾਂ ਮੇਰੇ ਸਿੱਖਾਂ ਨੂੰ ਤੁਹਾਡੀ ਰਾਖੀ ਦੀ ਕੋਈ ਲੋੜ ਨਹੀਂ। ਬੇਦੋਸ਼ ਮਜ਼ਲੂਮਾਂ ਦੇ ਖੂਨ ਵਿੱਚ ਹੱਥ ਰੰਗ ਕੇ ਤੁਸੀਂ ਬੱਜਰ ਪਾਪ ਕੀਤਾ ਹੈ ਹੁਣੇ ਮੇਰੀਆਂ ਅੱਖਾਂ ਤੋਂ ਦੂਰ ਹੋ ਜਾਉ।" ਦੋਵੇਂ ਸਿਪਾਹੀ ਉਸੇ ਸਮੇਂ ਪੱਤਰਾ ਵਾਚ ਗਏ। ਸਤਿਗੁਰੂ ਪਰਤਾਪ ਸਿੰਘ ਜੀ ਦੇ 10 ਸਤੰਬਰ 1959 ਨੂੰ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਬੋਲਦਿਆਂ ਕਾ. ਸੋਹਣ ਸਿੰਘ ਜੋਸ਼ ਹੋਰਾਂ ਕਿਹਾ ਸੀ ਕਿ 1947 ਵਿੱਚ ਵੱਡੇ ਵੱਡੇ ਧਰਮੀ ਕਹਾਉਂਦੇ ਲੋਕਾਂ ਨੇ ਬੇਦੋਸ਼ੇ ਘੱਟ ਗਿਣਤੀ ਲੋਕਾਂ ਦੇ ਖੂਨ ਵਿੱਚ ਹੱਥ ਰੰਗਣੋਂ ਪ੍ਰਹੇਜ਼ ਨਾ ਕੀਤਾ। ਉਸ ਸਮੇਂ ਜਾਂ ਕਮਿਊਨਿਸਟ ਪਾਰਟੀ ਦੇ ਮੈਂਬਰ ਤੇ ਜਾਂ ਮਹਾਰਾਜ ਪਰਤਾਪ ਸਿੰਘ ਹੋਰਾਂ ਦੇ ਨਾਮਧਾਰੀ ਸਿੱਖ ਹੀ ਆਪਣੇ ਪੈਰਾਂ ਤੇ ਖਲੋਤੇ ਰਹੇ ਅਤੇ ਮੁਸੀਬਤ ਜ਼ਦਾ ਲੋਕਾਂ ਦੀ ਮਦਦ ਕਰਦੇ ਰਹੇ। ਸ੍ਰੀ ਅਬਦੁਲ ਗਨੀ ਐਮ. ਐਲ. ਏ. ਅੰਬਾਲਾ ਕਿਹਾ ਕਰਦੇ ਸਨ ਕਿ ਜੇ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਉਹਨਾਂ ਦਾ ਭੈਣੀ ਸਾਹਿਬ ਵਾਲਾ ਡੇਰਾ ਉਸ ਸਮੇਂ ਮੁਸਲਮਾਨਾਂ ਲਈ ਲੰਗਰ ਪਾਣੀ ਅਤੇ ਸੁਰੱਖਿਆ ਯਕੀਨੀ ਨਾ ਬਣਾਉਂਦਾ ਤਾਂ ਬੇਟ ਦੇ ਇਲਾਕੇ ਦਾ ਇੱਕ ਵੀ ਮੁਸਲਮਾਨ ਜਿਊਂਦਾ ਪਾਕਿਸਤਾਨ ਨਾ ਜਾ ਸਕਦਾ।

ਲਾਹੌਰ ਜ਼ਿਲ੍ਹਾ ਦੇ ਪਿੰਡ ਜੀਆ ਬੱਗਾ ਦੇ ਜੰਮਪਲ ਅਤੇ ਕਿਰਤੀ ਕਿਸਾਨਾਂ ਦੇ ਸੱਭਿਆਚਾਰਕ ਮੋਰਚੇ ਤੇ ਕੰਮ ਕਰਨ ਵਾਲੇ, ਪੰਜਾਬੀ ਕੁੰਡਲੀਆ ਛੰਦ ਦੇ ਸਿਰਤਾਜ ਕਵੀ ਗੁਰਬਖਸ਼ ਸਿੰਘ, ਉਰਫ ਗੋਧਾ ਸਿੰਘ ਜੱਟ, ਇਸ ਭਿਆਨਕ ਤਰਾਸਦੀ ਨੂੰ ਆਪਣੀ ਰਚਨਾ ਵਿੱਚ ਇਉਂ ਸੰਭਾਲ ਗਏ ਹਨ-

"ਪੰਥ ਨੇ ਵੱਢੀਆਂ ਰੱਸੀਆਂ,
ਦੀਨ ਨੇ ਲਾਈ ਅੱਗ।
ਦੋਹਾਂ ਧਿਰਾਂ ਦੀ ਲਹਿ ਗਈ,
ਧਰਮ ਸ਼ਰਮ ਦੀ ਪੱਗ।
ਧਰਮ ਸ਼ਰਮ ਦੀ ਪੱਗ,
ਸੰਨ ਸੰਤਾਲੀ ਚੜ੍ਹਿਆ।
ਚਿਰਾਂ ਦੇ ਭੁੱਖੇ ਮਜ਼੍ਹਬ,

Sri Satguru Jagjit Singh Ji Elibrary NamdhariElibrary@gmail.com

ਕਹਿ ਗੋਧਾ ਸਿੰਘ ਜੱਟ,
ਗੱਲ ਮੈਂ ਸੱਚੀ ਦੱਸੀ।
ਦੀਨ ਨੇ ਲਾਈ ਅੱਗ,
ਪੰਥ ਨੇ ਵੱਢੀ ਰੱਸੀ। "

....

"ਲੈ ਸਲਾਹ ਅੰਗਰੇਜ਼ ਦੀ,
ਕੀਤੀ ਮਜ਼ਬੀ ਵੰਡ।
ਲੀਡਰ ਮੌਜਾਂ ਮਾਣਦੇ,
ਜਨਤਾ ਖਾਧੀ ਫੰਡ।
ਜਨਤਾ ਖਾਧੀ ਫੰਡ,
ਗੰਢ ਕੋਈ ਰਹੀ ਨਾ ਪੱਲੇ।
ਪਾਏ ਅਜ਼ਾਦੀ ਵੈਣ,
ਬੈਠ ਕੇ ਲਾਸ਼ਾਂ ਥੱਲੇ।
ਕਹਿ ਗੋਧਾ ਸਿੰਘ ਜੱਟ,
ਅੱਡੋ ਅੱਡ ਮਜ਼ਬ ਕਰਾਏ।
ਮੁਰਦੇ ਲਾਸ਼ਾਂ ਵੇਖ,
ਮਜ਼ਬ ਮੁੱਛ ਵੱਟ ਚੜਾਏ।

....

ਮਜ਼ਬ ਨੇ ਭਾਰਤ ਮੱਲਿਆ,
ਦੀਨ ਨੇ ਪਾਕਿਸਤਾਨ।
ਜਿੱਚਰ ਨਾ ਰਲ ਕੇ ਬਹਿਣਗੇ,
ਪਿਆ ਰੂਹ ਘਮਸਾਨ।
ਪਿਆ ਰਹੂ ਘਮਸਾਨ,
ਭਾਗ ਪਰਜਾ ਦੇ ਮਾੜੇ।
ਡਿੱਠਾ ਲੋਟੂ ਰਾਜ,
ਸੱਚ ਨੂੰ ਪਿਆ ਲਿਤਾੜੇ।
ਕਹਿ ਗੋਧਾ ਸਿੰਘ ਜੱਟ,
ਵਕਤ ਧੜਿਆਂ ਦਾ ਆਇਆ।
ਰਿਸ਼ਵਤ ਅਤੇ ਸਿਫਾਰਸ਼ਾਂ,
ਰੱਜ ਰਾਜ ਕਮਾਇਆ। "

ਮਹਰੂਮ ਕਵੀ ਗੋਧਾ ਸਿੰਘ ਹੋਰਾਂ ਦੀ ਰਲ ਕੇ ਬਹਿਣ ਵਾਲੀ ਨਸੀਹਤ ਤੇ ਅਮਲ ਕਰਕੇ ਹੀ ਦੋਵੇਂ ਹਮਸਾਏ ਮੁਲਕ, ਖੁਸ਼ਹਾਲੀ ਦੇ ਰਾਹ ਤੇ ਪੈ ਸਕਦੇ ਹਨ। ਅਮਨ, ਏਕਤਾ, ਸ਼ਾਂਤੀ ਅਤੇ ਫਿਰਕੂ ਇੱਕਜੁੱਟਤਾ ਉਸਾਰ ਕੇ ਹੀ ਅਤੀਤ ਦੀਆਂ ਸੋਗੀ ਯਾਦਾਂ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ। ਬਟਵਾਰੇ ਦੇ ਪਿੱਛੇ ਸਾਮਰਾਜ ਦੀ ਫੁੱਟ ਪਾਊ ਨੀਤੀ ਹੀ ਕਾਰਗਰ ਹੋਈ ਸੀ ਅਤੇ ਅੱਜ ਵੀ ਸਾਮਰਾਜੀ ਹਿੱਤਾਂ ਅਤੇ ਸੌੜੇ ਸੁਆਰਥਾਂ ਦੀਆਂ ਕੁਚਾਲਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਇਨਸਾਨੀਅਤ ਹਰ ਹਾਲਤ ਵਿੱਚ ਜ਼ਿੰਦਾ ਰਹੀ ਹੈ ਅਤੇ ਅੱਜ ਵੀ ਇਸ ਦੀ ਸਲਾਮਤੀ ਦੀ ਖ਼ੈਰ ਮੰਗਣੀ ਚਾਹੀਦੀ ਹੈ।

-ਪਿੰਡ ਤੇ ਡਾਕ : ਕਰੀਵਾਲਾ
ਜ਼ਿਲ੍ਹਾ ਸਿਰਸਾ (ਹਰਿਆਣਾ)
ਮੋ : 99963-71716

ਕਿੱਥੇ ਹੈ ਉਹ ਪੰਜਾਬ?

ਸੁਣੋ ਸੁਣਾਵਾਂ ਦੋਸਤੋ, ਦੇਣਾ ਪਊ ਜਵਾਬ।
ਕਿਉਂ ਜ਼ਹਿਰ ਵਿੱਚ ਪੌਣਾਂ ਦੇ, ਸਾਹਾਂ ਵਿੱਚ ਤੇਜ਼ਾਬ।

ਨੂੰਹ ਤੇ ਧੀ ਵਿੱਚ ਅੰਤਰ? ਕੈਸਾ ਯਾਰ ਹਿਸਾਬ?
ਨੂੰਹ ਤੇ ਧੀ ਇੱਕ ਸਮਾਨ, ਵੇਖੋ ਫੋਲ ਕਿਤਾਬ।

ਕਿੱਥੇ ਹੈ ਉਹ ਪੰਜਾਬ, ਪ੍ਰੇਮ ਦੀ ਸੀ ਬਹਾਰ।
ਭੁਲਾਏ ਹਾਸ਼ਮ ਵਾਰਸ, ਬਾਬੇ ਦੀ ਵੰਗਾਰ

ਕਿਤੇ ਨਾ ਗੂੰਜਦੀ ਸੁਣੇ, ਪ੍ਰੇਮ ਸਾਂਝ ਦੀ ਤਾਰ।
ਨਿਤਨੇਮ ਦੀ ਥਾਂ ਤੇ ਹੁਣ, ਸ਼ਰਾਬ ਦੀ ਭਰਮਾਰ।

ਗਰੀਬ ਤੜਪਦੇ ਭੁੱਖੇ, ਅਮੀਰ ਛਕੇ ਕਬਾਬ।
ਗਾਂਜੇ, ਸੁਲਫੇ, ਸਿਗਰਟਾਂ, ਹਰ ਨਗਰ ਦਾ ਅਜ਼ਾਬ।

ਕਿੱਥੇ ਹੈ ਉਹ ਪੰਜਾਬ? ਭਰਿਆ ਨਾਲ ਸ਼ਬਾਬ।
ਕਿੱਥੇ ਚੰਨ ਦਾ ਜੋਬਨ, ਲਾਲ ਸੂਹਾ ਗੁਲਾਬ?

ਬਾਗ਼ਾਂ ਵਿੱਚ ਖਿਜ਼ਾਂ ਆਈ, ਦੇਵੇ ਕੌਣ ਜਵਾਬ।
ਹੁਣ ਕਿਵੇਂ ਮੁੜ ਭਾਲਾਂ ਮੈਂ ਪੂਰਨ ਦਾ ਪੰਜਾਬ?

-ਡਾ.ਗੁਰਚਰਨ ਸਿੰਘ ਔਲਖ

Sri Satguru Jagjit Singh Ji Elibrary NamdhariElibrary@gmail.com

ਰਾਇਕੋਟ ਦੇ ਸ਼ਹੀਦ
(ਸ਼ਹਾਦਤ : 5 ਅਗਸਤ 1871 ਈ:)

✍-ਅਜੀਤ ਸਿੰਘ ਲਾਇਲ

ਮਹੱਲ ਦਾ ਚਮਕਦਾ ਕਲਸ ਉਨ੍ਹਾਂ ਪੱਥਰਾਂ ਦੇ ਸਹਾਰੇ ਖੜਾ ਹੁੰਦਾ ਹੈ, ਜੋ ਨੀਂਹ ਵਿਚ ਦੱਬੇ ਹੁੰਦੇ ਹਨ। ਡੇਢ ਸੌ ਵਰ੍ਹਾ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭੇ ਸੁਤੰਤਰਤਾ ਸੰਗ੍ਰਾਮ ਦੌਰਾਨ ਨਾਮਧਾਰੀ ਸਿੱਖਾਂ ਦੀਆਂ ਬੇ-ਮਿਸਾਲ ਕੁਰਬਾਨੀਆਂ ਆਜ਼ਾਦੀ ਮਹੱਲ ਦੇ ਨੀਂਹ ਪੱਥਰ ਹੀ ਤਾਂ ਹਨ। ਆਜ਼ਾਦੀ ਮਹੱਲ ਦੀ ਉਸਾਰੀ ਸਤਿਗੁਰੂ ਨਾਨਕ ਦੇਵ, ਸਤਿਗੁਰੂ ਗੋਬਿੰਦ ਸਿੰਘ ਦੇ ਸਿੱਖੀ-ਸਿਧਾਤਾਂ ਤੇ ਕੀਤੀ ਗਈ।

ਗੁਰੂ ਸਾਹਿਬਾਨ ਨੇ ਇਕ ਅਦਰਸ਼ ਸਮਾਜ ਸਿਰਜਨ ਲਈ ਜੀਵਨ ਦੇ ਹਰ ਪਹਿਲ ਤੇ ਚਾਨਣਾ ਪਾਇਆ ਅਤੇ ਸੁਯੋਗ ਮਾਰਗ-ਦਰਸ਼ਨ ਕੀਤਾ। ਵਹਿਮਾਂ ਭਰਮਾਂ ਤੋਂ ਮੁਕਤਿ, ਸੱਚੀ ਸੁੱਚੀ ਕਿਰਤ ਕਰਨ, ਵੰਡ ਛਕਣ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਨ ਵਾਲਾ ਮਨੁੱਖ ਸਿਰਜਿਆ ਬੁਰੇ ਨਾਲ ਨੇਕੀ ਕਰਨਾ, ਦੁਸ਼ਮਣ ਦੇ ਮੂੰਹ 'ਚ ਵੀ ਪਾਣੀ ਪਾਉਣ ਅਤੇ ਪਰਉਪਕਾਰ ਹਿੱਤ ਆਪਾ ਕੁਰਬਾਨ ਕਰਨ ਦਾ ਉਪਦੇਸ਼ ਦਿੱਤਾ। ਪੂਰਨ ਸੁਤੰਤਰਤਾ ਦਾ ਮੂਲ ਮੰਤਰ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥' - ਨਾ ਕਿਸੇ ਤੋਂ ਡਰਨਾ ਅਤੇ ਨਾ ਕਿਸੇ ਨੂੰ ਡਰਾਉਣਾ। ਮਜ਼ਲੂਮਾਂ ਦੀ, ਗਊ ਗ੍ਰੀਬ ਦੀ ਰੱਖਿਆ ਲਈ, ਦੁਸ਼ਟਾਂ-ਦੋਖੀਆਂ ਦਾ ਨਾਸ ਕਰਨ ਲਈ ਲੋੜ ਪੈਣ ਤੇ ਸੰਤ-ਸਿਪਾਹੀ ਦਾ ਰੂਪ ਧਾਰਣ ਦਾ ਹੁਕਮ ਦਿੱਤਾ। ਗੁਰੂ ਸਾਹਿਬਾਨ ਦੀ ਇਹ ਵਿਸ਼ੇਸ਼ਤਾ ਹੈ ਕਿ ਆਪ ਨੇ ਜੋ ਵੀ ਉਪਦੇਸ਼ ਦਿੱਤੇ ਆਪ ਉਨ੍ਹਾਂ ਤੇ ਚੱਲ ਕੇ ਲੋਕਾਈ ਲਈ ਪ੍ਰੇਰਣਾ ਸ੍ਰੋਤ ਬਣੇ। ਗੁਰੂ ਸਾਹਿਬਾਨ ਆਪਾ ਵਾਰ ਕੇ, ਸਰਬੰਸ ਕੁਰਬਾਨ ਕਰਕੇ, ਬੰਦੀ-ਛੋਡ ਅਤੇ ਹਿੰਦ ਦੀ ਚਾਦਰ ਅਖਵਾਏ।

ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਕ੍ਰੀਬ ਤਿੰਨ ਸਦੀਆਂ ਜ਼ਾਲਮ ਹਕੂਮਤ ਨਾਲ ਸੰਘਰਸ਼ ਕਰਨ ਉਪਰੰਤ ਵਿਸ਼ਾਲ ਪੰਜਾਬ ਤੇ ਸੁਤੰਤਰ ਸਿੱਖ ਰਾਜ ਕਾਇਮ ਹੋ ਗਿਆ। ਇਕ ਸਰਬ ਸਾਂਝਾ ਰਾਜ ਜਿਸ ਵਿਚ ਹਰ ਵਿਅਕਤੀ ਨੂੰ ਆਪਣੇ ਧਰਮ ਅਤੇ ਸਭਿਆਚਾਰ ਅਨੁਸਾਰ ਜੀਊਣ ਦੀ ਪੂਰੀ ਆਜ਼ਾਦੀ ਸੀ।

ਪਰ ਬਦਕਿਸਮਤੀ ਪੰਜਾਬ ਦੀ, ਸਿੱਖ-ਸਰਦਾਰ ਨਾਮ-ਬਾਣੀ ਅਤੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਤੋਂ ਮੁਖ ਮੋੜ ਬੈਠੇ। ਮੁਗਲ ਨਵਾਬਾਂ ਵਾਲੇ ਐਬ ਸਿੱਖ ਸਰਦਾਰਾਂ ਵਿਚ ਆ ਗਏ, ਉਹ ਨਸ਼ਈ ਅਤੇ ਵਿਸ਼ਈ ਹੋ ਗਏ। ਬਰਤਾਨਵੀ ਹਾਕਮ ਜੋ ਪੂਰੇ ਭਾਰਤ ਤੇ ਪਹਿਲੋਂ ਹੀ ਕਾਬਜ਼ ਹੋ ਚੁੱਕੇ ਸਨ। ਪੰਜਾਬ ਨੂੰ ਹੜੱਪਣ ਦੀ ਤਾਕ ਵਿਚ ਸਨ। ਅੰਗ੍ਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਵਿਚ ਸਿੱਖ ਸਿਪਾਹੀ ਬੜੀ ਬਹਾਦਰੀ ਨਾਲ ਲੜੇ ਪਰ ਸਵਾਰਥੀ ਅਤੇ ਗੱਦਾਰ ਨੇਤਾਵਾਂ ਕਾਰਨ ਸਿੱਖ ਸਿਪਾਹੀਆਂ ਦੀਆਂ ਕੁਰਬਾਨੀਆਂ ਵੀ ਭੰਗ ਦੇ ਭਾੜੇ ਹੀ ਗਈਆਂ।

ਸਿੱਖ ਫ਼ੌਜਾਂ ਇਕ ਸੁਯੋਗ ਅਗਵਾਈ ਬਾਝੋਂ ਜਿੱਤ ਕੇ ਵੀ ਹਾਰ ਗਈਆਂ। ਪੰਜਾਬ ਅੰਗ੍ਰੇਜ਼ੀ ਹਕੂਮਤ ਦਾ ਗੁਲਾਮ ਹੋ ਗਿਆ। ਇਹ ਅਜਿਹਾ ਅਧੋਗਤੀ ਦਾ ਸਮਾਂ ਸੀ ਕਿ ਰਿਆਸਤੀ ਰਾਜਿਆਂ, ਜਗੀਰਦਾਰਾਂ, ਸੰਤਾਂ-ਮਹੰਤਾਂ ਨੇ ਆਪਣੀਆਂ ਸੁਖ ਸਹੂਲਤਾਂ ਬਚਾਈ ਰੱਖਣ ਲਈ ਗੁਲਾਮੀ ਨੂੰ ਸ਼ਿੰਗਾਰ ਵਜੋਂ ਅਪਨਾ ਲਿਆ ਸੀ ਅਤੇ ਜਨ ਸਾਧਾਰਨ ਲਈ ਗੁਲਾਮੀ ਮਜਬੂਰੀ ਬਣ ਗਈ। ਇਹੋ ਸਮਾਂ ਸੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਮੁਖੀ ਜੀਵਨ ਜਾਚ ਅਤੇ ਸਿੱਖੀ-ਸਵੈਮਾਨ ਨੂੰ ਮੁੜ ਸਥਾਪਿਤ ਕਰਨ ਲਈ ਅਨੇਕਾਂ ਸਫਲ ਯਤਨ ਕੀਤੇ। ਭਾਈ ਕਾਨ੍ਹ ਸਿੰਘ ਨਾਭਾ ਦੇ ਸ਼ਬਦਾਂ ਵਿਚ :

ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ ਭਯੋ ਪਤ੍ਰ ਬਿਨ ਸਾਯਾ।
ਰੂਪ ਬਸੰਤ ਦਾ ਧਾਰਕੇ ਬਾਬਾ ਦਿਨ ਬਸੰਤ ਦੇ ਆਯਾ।

ਸਤਿਗੁਰੂ ਰਾਮ ਸਿੰਘ ਜੀ ਸਮਰੱਥ ਅਧਿਆਤਮਕ ਗੁਰੂ ਅਤੇ ਮਹਾਨ ਸਮਾਜ ਸੁਧਾਰਕ ਹੋਣ ਦੇ ਨਾਲ-ਨਾਲ ਸਫਲ ਰਾਜ ਨੇਤਾ ਕਰਕੇ ਵੀ ਜਾਣੇ ਜਾਂਦੇ ਹਨ। ਆਪ ਨੇ ਗੁਲਾਮ ਦੇਸ਼ ਵਿਚ ਆਜ਼ਾਦ ਕੌਮ ਪੈਦਾ ਕਰ ਦਿੱਤੀ। ਬਰਤਾਨਵੀ ਹਾਕਮਾਂ ਦੀ ਕੂਟਨੀਤੀ ਨੂੰ ਵਾਚਿਆ, ਸਮਝਿਆ। ਜਿਨ੍ਹਾਂ ਪਹਿਲੂਆਂ ਦੀ ਕਮਜ਼ੋਰੀ ਤੋਂ ਭਾਰਤ ਵਾਸੀਆਂ ਦੀ ਹਾਰ ਹੋਈ ਸੀ ਉਨ੍ਹਾਂ ਪਹਿਲੂਆਂ ਤੋਂ ਏਨੇ ਮਜਬੂਤ ਕਰ ਲਿਆ ਕਿ ਬਰਤਾਨਵੀ ਹਾਕਮਾਂ ਦੇ ਪੈਰ ਹਿੱਲ ਗਏ। ਨਾਮਧਾਰੀ ਸਿੱਖਾਂ ਦੀਆਂ ਸ਼ਹਾਦਤਾਂ ਨੇ ਕੁਰਬਾਨੀਆਂ ਭਰੇ ਗੌਰਵਮਈ ਸਿੱਖ ਇਤਿਹਾਸ ਨੂੰ ਦੁਹਰਾਇਆ। ਗਿਆਨੀ ਗਿਆਨ ਸਿੰਘ ਜੀ ਨਾਮਧਾਰੀ ਸਿੱਖਾਂ ਬਾਰੇ ਲਿਖਦੇ ਹਨ।

Sri Satguru Jagjit Singh Ji Elibrary NamdhariElibrary@gmail.com

"ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭ
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।"
"ਇਹ ਸਿੰਘਨ ਕੀ ਰੀਤੀ ਵਰ ਹੈਂ
ਸਸਤ੍ਰਨ ਕੀ ਮ੍ਰਿਤ ਤੇ ਨਹਿ ਡਰਿ ਹੈਂ।"

ਭਾਵੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਗਊ ਹੱਤਿਆ ਤੇ ਪਾਬੰਦੀ ਸੀ। ਪਰ ਫਿਰ ਵੀ ਜਿਸ ਮਜ਼ਹਬ ਵਿਚ ਗਊ-ਮਾਸ ਵਰਜ਼ਤ ਨਹੀਂ ਸੀ, ਉਸ ਦੇ ਅਨੁਆਈਆਂ ਕਦੇ ਵੀ ਕਿਸੇ ਕਿਸਮ ਦੀ ਆਪਣੀ ਨਰਾਜ਼ਗੀ ਜ਼ਾਹਰ ਨਹੀਂ ਸੀ ਕੀਤੀ ਅਤੇ ਨਾ ਹੀ ਕਦੇ ਉਨ੍ਹਾਂ ਅਜਿਹੀ ਮੰਗ ਦਾ ਇਜ਼ਹਾਰ ਹੀ ਕੀਤਾ ਸੀ। ਸਗੋਂ ਸਿੱਖ, ਹਿੰਦੂ ਅਤੇ ਮੁਸਲਮਾਨ ਜਿੰਨੇ ਪ੍ਰੇਮ ਪਿਆਰ ਅਤੇ ਸਦ-ਭਾਵਨਾ ਨਾਲ ਜੀਵਨ ਬਤੀਤ ਕਰਦੇ ਸਨ, ਉਸ ਸਭ ਕਾਸੇ ਲਈ ਮਹਾਰਾਜਾ ਰਣਜੀਤ ਸਿੰਘ ਦੀ ਦੂਰ-ਅੰਦੇਸ਼ੀ, ਵੱਖ-ਵਾਦ ਤੋ ਰਹਿਤ ਨੀਤੀ ਅਤੇ ਧਾਰਮਿਕ ਨਿਰਪੱਖਤਾ ਦਾ ਹੀ ਕ੍ਰਿਸ਼ਮਾਂ ਸੀ। ਜੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ, ਕਿ ਰਾਜ ਦਰਬਾਰ ਵਿਚ ਅਹੁਦਿਆਂ ਦੀ ਵੰਡ ਵਾਸਤੇ ਕੇਵਲ ਲਿਆਕਤ ਅਤੇ ਯੋਗਤਾ ਹੀ ਮਾਪ ਦੰਡ ਸੀ, ਕਿਸੇ ਕਿਸਮ ਦਾ ਵੀ ਪੱਖ ਪਾਤ ਅਜਿਹੀ ਚੋਣ ਲਈ ਕਦੇ ਬਾਧਾ ਨਹੀਂ ਸੀ ਬਣਿਆ। ਇਤਿਹਾਸ ਦੱਸਦਾ ਹੈ ਕਿ ਫਕੀਰ ਅਜ਼ੀਜ਼ੁਦੀਨ ਮਹਾਰਾਜੇ ਦਾ ਪ੍ਰਮੁੱਖ ਵਜ਼ੀਰ ਸੀ, ਜੋ ਇਕ ਮੁਸਲਮਾਨ ਸੀ। ਉਸਦੇ ਤੋਪਖਾਨੇ ਦਾ ਮੁਖੀ ਗੋਸ ਖਾਨ ਇਕ ਪਠਾਨ ਸੀ, ਦੀਵਾਨ ਮੁਹਕਮ ਚੰਦ ਪ੍ਰਮੁੱਖ ਵਿਅਕਤੀਆਂ ਵਿਚੋ ਇਕ ਹਿੰਦੂ ਸੀ। ਇਵੇਂ ਹੀ ਫੌਜ ਦੇ ਪ੍ਰਮੁੱਖ ਜਨਰਲ ਵੈਨਤੂਰਾ ਅਤੇ ਐਲਾਰਡ ਫਰਾਂਸੀਸੀ ਇਸਾਈ ਸਨ। ਸਾਰੇ ਪ੍ਰਮੁੱਖ ਅਹੁਦਿਆਂ ਦੀ ਪੂਰਤੀ ਦਾ ਅਧਾਰ ਕੇਵਲ ਯੋਗਤਾ ਅਤੇ ਲਿਆਕਤ ਹੀ ਸੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਇਕ ਸ਼ਕਤੀਸ਼ਾਲੀ ਅਤੇ ਨਮੂਨੇ ਦਾ ਰਾਜ ਸੀ।

ਮਹਾਰਾਜੇ ਦੇ ਜੀਂਦੇ ਜੀਅ, ਅੰਗਰੇਜ਼ਾਂ ਦੀ ਕਦੇ ਵੀ ਹਿੰਮਤ ਨਹੀਂ ਸੀ ਪਈ ਕਿ ਮਹਾਰਾਜੇ ਦੇ ਰਾਜ ਦੇ ਕਿਸੇ ਵੀ ਇਲਾਕੇ ਵੱਲ ਅੱਖ ਚੁੱਕ ਕੇ ਵੇਖ ਸਕੇ। ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਨਾਲ ਦੋਸਤੀ ਵਾਲਾ ਰਿਸ਼ਤਾ ਬਣਾਈ ਰੱਖਣ ਵਿੱਚ ਹੀ ਆਪਣੀ ਭਲਾਈ ਸਮਝੀ, ਇਹ ਮਹਾਰਾਜਾ ਰਣਜੀਤ ਸਿੰਘ ਦੀ ਮਹਾਨ ਸ਼ਕਤੀ ਦਾ ਪ੍ਰਭਾਵ ਹੀ ਸੀ, ਕਿ ਅੰਗਰੇਜ਼ਾਂ ਨੇ ਸਤਲੁਜ ਪਾਰ ਦੱਖਣ ਵੱਲ ਦੇ ਪਾਸੇ ਦੇ ਸਿੱਖ ਇਲਾਕਿਆਂ ਤੇ ਮਹਾਰਾਜੇ ਦੀ ਸਰਦਾਰੀ ਨੂੰ ਪ੍ਰਵਾਨਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੀ 27 ਜੂਨ 1839 ਨੂੰ ਮੌਤ ਹੋ ਜਾਣ ਨਾਲ ਇਕ ਵੱਡਾ ਪਾੜਾ ਪੈ ਗਿਆ। ਖਾਲਸੇ ਦਾ ਉਹ ਆਗੂ ਖੁੱਸ ਗਿਆ ਜੋ ਆਪਣੇ ਰੋਹਬੀਲੇ ਵਿਅਕਤੀਤਵ, ਦੂਰ ਦ੍ਰਿਸ਼ਟੀ ਅਤੇ ਸਿਆਸੀ ਨਿਪੁੰਨਤਾ ਨਾਲ ਉਨ੍ਹਾਂ ਲਈ ਇਕ ਆਦਰਸ਼ ਬਣ ਗਿਆ ਸੀ। ਜਿਸ ਨੇ ਸਿੱਖਾਂ ਨੂੰ ਇਕ ਅਜ਼ਾਦ ਕੌਮ ਦਾ ਦਰਜਾ ਦਿਵਾ ਦਿੱਤਾ ਸੀ। ਅੰਗਰੇਜ਼ ਨੇ ਉਸ ਵਕਤ ਤੀਕ ਪੰਜਾਬ ਅਤੇ ਸਿੰਧ ਤੋਂ ਬਿਨਾਂ ਪੂਰੇ ਭਾਰਤ ਤੇ ਅਧਿਕਾਰ ਜਮਾ ਲਿਆ ਹੋਇਆ ਸੀ। ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਹੁਣ ਫੇਰ ਅੰਗਰੇਜ਼ ਉਸੇ ਅਮੋੜ ਰਾਹ ਉਤੇ ਤੁਰ ਪਏ। ਕਈ ਕਾਰਨਾਂ ਨੇ ਜੁੜ ਕੇ ਸਿੱਖ ਰਾਜ ਨੂੰ ਕਮਜ਼ੋਰ ਕਰ ਦਿੱਤਾ। ਸ਼ਾਜਸ਼ਾਂ ਅਤੇ ਕਤਲਾਂ ਦਾ ਦੌਰ ਆ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਦੇਸ਼ ਨੂੰ ਤੱਤੀ ਤਕਦੀਰ ਨੇ ਆਣ ਘੇਰਿਆ। ਇਸ ਦਰਦਨਾਕ ਨਾਟਕ ਦਾ ਅਵਰੋਹਣ ਅੰਗਰੇਜ਼-ਸਿੱਖ ਯੁੱਧਾਂ ਅਤੇ ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜੇ ਨਾਲ ਹੋਇਆ।

ਸਿੱਖਾਂ ਦੀ ਅੰਗਰੇਜ਼ਾਂ ਨਾਲ ਅੰਤਿਮ ਲੜਾਈ ਜਿਸ ਵਿੱਚ ਡੋਗਰਿਆਂ ਨੇ ਗੱਦਾਰੀ ਕੀਤੀ, ਸਿੱਖਾਂ ਜਿਸ ਬਹਾਦਰੀ ਨਾਲ ਲੜਾਈ ਲੜੀ, ਉਸ ਦਾ ਜਿਕਰ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿੱਚ ਬਹੁਤ ਹੀ ਭਾਵ-ਪੂਰਤ ਲਫਜ਼ਾਂ ਵਿੱਚ ਕੀਤਾ ਹੈ:

"ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾ ਮਾਰੀਆਂ ਨੇ"
"ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਦਿੱਤੇ।"
"ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ"

ਲਾਰਡ ਡਲਹੌਜ਼ੀ ਨੇ 29 ਮਾਰਚ 1849 ਨੂੰ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਦੇਣ ਦਾ ਐਲਾਨ ਕੀਤਾ ਅਤੇ ਮਹਾਰਾਜਾ ਦਲੀਪ ਸਿੰਘ ਤੋਂ ਦਸਤਖਤ ਕਰਵਾ ਉਸ ਦਾ ਤਾਜ, ਤਖ਼ਤ ਅਤੇ ਬਾਦਸ਼ਾਹਤ ਖੋਹ ਲਏ।

ਇਸ ਤੋਂ ਬਾਅਦ ਜਿਉ ਹੀ ਅੰਗਰੇਜ਼ ਨੇ ਲਾਹੌਰ ਵੱਲ ਰੁੱਖ ਕੀਤਾ ਸਤਿਗੁਰੂ ਰਾਮ ਸਿੰਘ ਜੀ ਨੇ ਜਿਲ੍ਹਾ ਲੁਧਿਆਣਾ ਦੇ ਇੱਕ ਛੋਟੇ ਜਿਹੇ ਪਿੰਡ ਭੈਣੀ ਸਾਹਿਬ ਵਿਚ ਸਵਾਧੀਨਤਾ ਦੀ ਅਨ-ਐਲਾਨੀ ਜੰਗ ਦਾ ਬਿਗਲ ਵਜਾ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਦੀ ਸਮਾਜ-ਸੁਧਾਰ ਦੀ ਨੀਤੀ ਅਤੇ ਅੰਗਰੇਜ਼ ਹਕੂਮਤ ਨਾਲ ਪੂਰਨ ਨਾ-ਮਿਲਵਰਤਨ ਦੇ ਪ੍ਰੋਗਰਾਮ ਨੇ ਜਲਦੀ ਹੀ ਪੂਰੇ ਪੰਜਾਬ ਵਿੱਚ ਬੜੀ ਗਹਿਰੀ ਸਾਖ ਬਣਾ ਲਈ। ਸਤਿਗੁਰੂ ਰਾਮ ਸਿੰਘ ਜੀ ਨੇ, ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਹੁੰਦਿਆਂ ਰਾਜਨੀਤੀ ਅਤੇ ਰਣਨੀਤੀ ਦਾ

Sri Satguru Jagjit Singh Ji Elibrary NamdhariElibrary@gmail.com

ਬਹੁਤ ਗਹਿਰਾਈ ਨਾਲ ਅਧਿਐਨ ਕੀਤਾ ਸੀ ਅਤੇ ਅਧਿਆਤਮਵਾਦ ਦੇ ਪਾਂਧੀ ਤਾਂ ਉਹ ਹੈ ਹੀ ਸਨ। ਆਪਣੇ ਇਨਕਲਾਬੀ ਪ੍ਰੋਗਰਾਮਾਂ ਲਈ ਲੋਕ-ਰਾਏ ਲਾਮਬੰਦ ਕਰਨ ਲਈ ਸਤਿਗੁਰੂ ਜੀ ਨੂੰ ਪੰਜਾਬ ਦੀ ਲੋਕਾਈ ਵਲੋਂ ਬਹੁਤ ਹੀ ਭਾਵ ਪੂਰਤ ਅਤੇ ਭਰਵਾਂ ਹੁੰਗਾਰਾ ਮਿਲਿਆ। ਇਸ ਦਾ ਹਵਾਲਾ ਅੰਗਰੇਜ਼ ਹਕੂਮਤ ਦੇ ਅਫਸਰਾਂ ਵਲੋਂ ਭੇਜੀਆਂ ਖੁਫ਼ੀਆ ਰਿਪੋਰਟਾਂ ਵਿਚੋਂ ਸਪੱਸ਼ਟ ਮਿਲਦਾ ਹੈ। ਕੂਕਾ-ਲਹਿਰ ਦੀ ਲੋਕਪ੍ਰਿਯਤਾ ਅਤੇ ਪੰਜਾਬੀਆਂ ਵਲੋਂ ਮਿਲਿਆ ਭਰਵਾਂ ਹੁੰਗਾਰਾ ਅੰਗਰੇਜ਼ੀ ਹਕੂਮਤ ਲਈ ਖਤਰੇ ਦਾ ਸੂਚਕ ਸੀ।

ਮਿਸਟਰ J.W. Macnab ਕਮਿਸ਼ਨਰ ਅੰਬਾਲਾ ਦੀ ਰਿਪੋਰਟ ਅਨੁਸਾਰ : ਇਸਦੇ ਇਰਾਦੇ ਸ਼ੁਰੂ ਵਿੱਚ ਭਾਂਵੇ ਕੁਝ ਵੀ ਹੋਣ, ਪਰ ਹੁਣ ਇਸਦਾ ਨਿਸ਼ਾਨਾਂ ਰਾਜਨੀਤਕ ਹੈ। ਉਹ ਇਕ ਅਜਿਹੇ ਪੰਥ ਦਾ ਆਗੂ ਅਤੇ ਅਦੁੱਤੀ ਨੇਤਾ ਹੈ ਜੋ ਆਪਣੇ ਸੁਭਾਓ ਅਨੁਸਾਰ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਹੈਸੀਅਤ ਵਿੱਚ ਬਰਤਾਨਵੀ ਤਾਕਤ ਦਾ ਵੈਰੀ ਹੈ। ਪਹਿਲੋਂ ਰਾਮ ਸਿੰਘ ਨੂੰ ਸੰਤ ਸਰੂਪ (ਗੁਰੂ) ਨਾਨਕ ਦਾ ਰੂਪ ਸਮਝਿਆ ਜਾਂਦਾ ਸੀ ਪਰ ਹੁਣ ਉਹ ਯੋਧੇ (ਗੁਰੂ) ਗੋਬਿੰਦ ਸਿੰਘ ਦਾ ਅਵਤਾਰ ਮੰਨਿਆ ਜਾਂਦਾ ਹੈ।

ਮਿਸਟਰ ਮੈਕ ਐਂਡਰੀਓ ਡੀ.ਆਈ.ਜੀ. ਲਾਹੌਰ ਅਨੁਸਾਰ :

ਜਦ ਉਹ ਹਜ਼ਰੋਂ ਦੇ ਗੁਰੂ ਬਾਲਕ ਸਿੰਘ ਦਾ ਮੁਰੀਦ ਬਣਕੇ ਡੇਰੇ ਦਾ ਮਾਲਕ ਬਣਿਆ ਉਦੋਂ ਉਹ ਮਹੰਤ ਰਾਮ ਸਿੰਘ ਸੀ। ਇਸ ਤੋਂ ਪਿੱਛੋਂ ਗੁਰੂ ਰਾਮ ਸਿੰਘ ਫੇਰ ਸਤਿਗੁਰੂ ਰਾਮ ਸਿੰਘ ਅਤੇ ਹੁਣ ਸਤਿਗੁਰੂ ਬਾਦਸ਼ਾਹ (ਸੱਚਾ ਪਾਤਸ਼ਾਹ) ਕਹਿ ਸਤਿਕਾਰਦੇ ਹਨ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਮਾਝੇ ਦੇ ਦੌਰੇ ਤੇ, ਅੰਮ੍ਰਿਤਸਰ ਗਏ ਤਾਂ ਕੈਪਟਨ ਮੈਨਜ਼ਿਸ D.S.P. ਅੰਮ੍ਰਿਤਸਰ ਨੇ, ਆਪਣੀ ਰਿਪੋਰਟ ਭੇਜੀ ਕਿ:

ਮੈਂ ਇਸ ਤੋਂ ਵੱਧ ਸਲੀਕੇਦਾਰ ਅਨੁਸ਼ਾਸਿਤ ਅਤੇ ਆਗਿਆਕਾਰ, ਜਨ ਸਮੂਹ ਕਦੇ ਨਹੀਂ ਵੇਖਿਆ। ਉਹ ਖੁੱਲ੍ਹੇਆਮ ਕਹਿੰਦੇ ਹਨ ਕਿ ਉਹਨਾਂ ਦਾ ਆਪਣੇ ਗੁਰੂ ਰਾਮ ਸਿੰਘ ਤੇ ਪੂਰਨ ਵਿਸ਼ਵਾਸ਼ ਹੈ ਅਤੇ ਉਸਦੇ ਪੂਰੀ ਤਰ੍ਹਾਂ ਆਗਿਆਕਾਰ ਹਨ। ਉਹ ਉਸਦੇ (ਗੁਰੂ) ਇਕ ਹੀ ਇਸ਼ਾਰੇ ਤੇ ਜਾਨਾਂ ਵਾਰ ਦੇਣ ਲਈ ਤਿਆਰ ਹਨ।

ਸਤਿਗੁਰੂ ਜੀ ਦੇ ਅਨੰਦਪੁਰ ਸਾਹਿਬ ਪਧਾਰਨ ਤੇ 20 ਮਾਰਚ 1867 ਨੂੰ ਫਜ਼ਲ ਹੁਸੈਨ ਇੰਸਪੈਕਟਰ ਪੁਲਿਸ ਜ਼ਿਲ੍ਹਾ ਹੁਸ਼ਿਆਰਪੁਰ ਨੇ ਰਿਪੋਰਟ ਕੀਤੀ:

ਮੈ ਕੂਕਿਆਂ ਤੋਂ ਉਹਨਾਂ ਦੇ ਪਰਿਵਾਰ ਅਤੇ ਰਹਾਇਸ਼ ਸਬੰਧੀ ਜਾਣਕਾਰੀ ਲੈਣ ਦੀ ਬੜੀ ਕੋਸ਼ਿਸ਼ ਕੀਤੀ ਅਤੇ ਆਪਣੇ ਯਤਨਾਂ ਨਾਲ ਕੇਵਲ ਇਨਾਂ ਹੀ ਜਾਣ ਸਕਿਆ ਕਿ ਕੂਕਾ ਬਨਣ ਬਾਅਦ ਉਹ ਆਪਣੇ ਪਰਿਵਾਰ, ਰਿਹਾਇਸ਼ ਅਤੇ ਸਾਰੇ ਅਤੀਤ ਬਾਰੇ ਭੁੱਲ ਗਏ ਹਨ। ਉਹਨਾਂ ਨੂੰ ਕੇਵਲ ਭੈਣੀ ਸਾਹਿਬ ਅਤੇ ਸਤਿਗੁਰੂ ਰਾਮ ਸਿੰਘ ਬਾਰੇ ਹੀ ਪਤਾ ਹੈ।

ਮੇਜਰ ਮੈਕ ਐਂਡਰੀਊ ਡੀ.ਆਈ.ਜੀ. ਦੀ ਰਿਪੋਰਟ ਸੀ:

"ਗੁਰੂ ਰਾਮ ਸਿੰਘ ਦੇ ਪ੍ਰਚਾਰ ਨੇ ਪੰਜਾਬ ਵਿਚ ਬੜੀ ਤਰਥੱਲੀ ਮਚਾ ਦਿੱਤੀ ਹੈ।"

ਅੰਗਰੇਜ਼ ਅਫਸਰ ਸ਼ਾਹੀ ਧੁਰ ਅੰਦਰ ਤੱਕ ਕੰਬ ਗਈ ਸੀ।

ਦੂਸਰੇ ਪਾਸੇ ਅੰਗਰੇਜ਼ਾਂ ਨੇ ਪੰਜਾਬ ਤੇ ਪਕੜ ਮਜਬੂਤ ਕਰਦਿਆਂ ਹੀ ਆਪਣੀਆਂ ਕੂਟਨੀਤਕ ਚਾਲਾਂ, ਕੁਚਾਲਾਂ ਦੀ ਖੇਡ ਵੀ ਖੇਡਣੀ ਸ਼ੁਰੂ ਕਰ ਦਿੱਤੀ, ਆਪਣੀ ਕਾਰਗਰ ਡਿਪਲੋਮੇਸੀ ਦੀ ਖੇਡ ਦਾ ਖਤਰਨਾਕ ਪਹਿਲੂ 'ਪਾੜੋ ਤੇ ਰਾਜ ਕਰੋ' ਉਹ ਹਿੰਦੋਸਤਾਨ ਦੇ ਸਾਰੇ ਖੇਤਰਾਂ ਵਿਚ ਬੜੀ ਹੀ ਕਾਮਯਾਬੀ ਨਾਲ ਅਜ਼ਮਾ ਚੁੱਕੇ ਸਨ ਤੇ ਉਸੇ ਨੂੰ ਹੀ ਪੰਜਾਬ ਦੀ ਸੁਖੀ ਵਸਦੀ ਪਰਜਾ ਦੀ ਜੀਵਨ-ਚਾਲ ਵਿੱਚ ਖੱਲਲ ਪਾਉਣ ਲਈ ਵਰਤਣਾ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਅੰਗਰੇਜ਼ੀ ਹਕੂਮਤ ਦੀ ਦਖਲ ਅੰਦਾਜ਼ੀ ਭਾਵੇਂ ਘੱਟ ਨਹੀਂ ਸੀ। ਪਰ ਗਊ-ਘਾਤ ਲਈ ਉਨ੍ਹਾਂ ਕਦੇ ਖੁੱਲ੍ਹ ਦੇਣ ਦੀ ਹਿਮਾਕਤ ਨਹੀਂ ਸੀ ਕੀਤੀ। 24 ਮਾਰਚ 1847 ਵਿਚ ਲਾਹੌਰ ਦੇ ਰੈਜੀਡੈਂਟ Henery M. Lawrence ਦੇ ਹੁਕਮ ਅਨੁਸਾਰ ਦਰਬਾਰ ਸਾਹਿਬ ਦੇ ਬਾਹਰ ਇਹ ਪਲੇਟ ਲੱਗੀ ਹੋਈ ਸੀ ਕਿ:

"Kine are not to be killed at Amritsar, nor are the Sikhs to be molested or in any way interfered with."

Lokmanya Tilak*: I cannot believe that, if any race other than the freedom-loving English would have been ruling over us, then our national feeling would have developed to the extent it has done. Hence, it is my strong conviction that in this event (world war), every big-small, rich-poor Indian has the duty to help the English Emperor to the most'.

Mahatma Gandhi: India would be nowhere without Englishmen. If the British do not win, to whom shall we go claiming equal partnership? Shall we go to the victorious German or Turk or Afghan for it? The liberty-loving English will surely yield after seeing that we have laid down our lives for them.

(*: *Translated into English from book Shaheed Kartar Singh Sarabha, page 208*).

The tale of Indian people's suffering:

The World War I ended in 1918. And with it, ended the experimentation of Indian leaders. The understanding that British imperialists would free India as an expression of gratitude proved to be a complete failure. The imperialists responded with stricter laws and a spectacular display of violence at Jallianwala Bagh in 1919. The infamous incident, who centenary is being observed this year still awaits an official apology from the British parliament to this day. But the experimentation by Indian leaders cannot be simply termed 'mis-understanding' as it is clear that already voices of distrust for the British imperialism had been raised. But perhaps these were casually ignored by the leadership. This, hence, was not misunderstanding but an 'extremely poor show of diplomacy'. The diplomacy and understanding shown by the Namdhari movement half-a-century earlier, when it tried to reveal the true character of imperialism in front of common masses, was of much higher standards. The inability to build on the 1872 opportunity points to the 'degraded standards of morality' that was rampant during that time. But the inability to build on the World War opportunity points to 'low standards of diplomacy' amongst the Indian leaders of the time. Meanwhile, the poor diplomacy of Indian leadership in World War I resulted in no benefits at all, for India. In a way, Indian people were fooled. But who fooled them? British Government, Indian leadership or both? The Indians who died fighting for Britain were not honored. The Indian leadership is said to have conveniently forgotten it, as they were left with no other choice. The Indian soldier's position became

one of mercenaries and is a direct evidence of the failure and its subsequent cover up by the Indian leadership. By being an important contributor to imperial military, India indirectly contributed to its own subjugation, as well as of many other nations. This was not the fault of Indian army, but of Indian leadership who first pushed Indian soldiers into war and secondly, did not obtain sufficient and trustworthy guarantees of independence and self-respect from Britain *in lieu* of India's support for her wars. Thus, Indian families continued to suffer in all respects.

More opportunities and mistakes!:

While Namdhari movement created an opportunity for protest and rebellion, World War I created an opportunity naturally, which however, was not capitalized by Indian leadership.

The heinous act of Jallianwala Bagh tragedy created another opportunity. This was turned into Non-cooperation Movement of 1920. *Khilafat* movement also joined hands with Non-cooperation, but as *Khilafat* did not aim for Indian independence (the movement was for freeing the Turkish Caliphate), it's inclusion (without an Indian sentiment) into the Non-cooperation movement is said to be a tactical mistake of Mahatma Gandhi. Similarly, the calling off of the movement following the Chaur Chaura incident, at the time when the movement was at its peak, is said to have sown the seeds of discontent amongst the Muslims fighting for *Khilafat*, who considered the calling off as a measure to sabotage their efforts was thus, another tactical mistake.

Gurudwara Reform movement or Akali movement showed success in raising sentiments against Sikh temple functionaries who had for a long time, worked as votaries of the Empire. The Gurudwara Reform movement got increasing popularity in vernacular press and was hailed as a successful example of civil disobedience. However, it was limited to the cause of Gurudwaras or Sikh temples only. Making this important observation, VW Smith, Superintendent of Police (Political), Punjab, noted, **'There is little in common between the two movements (Akali Movement and the Non-cooperation movement) beyond the hatred of British rule. The elements of permanent unity do not exist and the Akali movement if carried to its logical conclusion must end in disruption and anarchy'** (*page 31, Digitized document, National Archives of India: PR_000003030409*). The same thing happened. After the *Mahants* (incumbent Sikh priests) were removed and in their place, Akali priests placed in Gurudwaras, the movement was concluded. The desire that after Gurudwaras, efforts should be directed to free the country as envisaged by some Indian leaders, was not part of the Akali movement. However, Babbar Akalis continued their struggle against the Empire. Then, came the much celebrated Dandi March of Mahatma Gandhi to break salt tax. Research scholarship has revealed that Dandi March was a symbolic gesture to actually prevent a larger movement against the British Empire, which the 'enthusiastic youth' of India was pushing Mahatma for. G.K. Lieten mentions in his research article entitled 'The Civil Disobedience Movement and the National Bourgeoisie, **"The Home Department informed to the administration in Bombay that it (*Dandi march*) was advantageous to the Government' and that the only question was 'whether the movement will be discredited gradually or die down without action being taken against them' "** (*page 35*). Lieten further mentions that **'Gandhi, however, ultimately could not prevent the nationalist masses from breaking from his restrictive symbolic gestures and from turning the CDM (Civil Disobedience Movement) into a mass movement'** (*page 34*).

Provincial elections were held in eleven provinces of India in 1937. Congress swept eight out of eleven seats. After this, another opportunity came in the form World War II. Referring to the position of Gandhi who recruited vigorously for the British in the First World War and achieved nothing out of it, in the second World War, Mahatma naturally went in dilemma. Still the British cause was dear to his heart. For Mahatma, as Rashmi-Sudha Puri points out in her research article

Sri Satguru Jagjit Singh Ji Elibrary NamdhariElibrary@gmail.com

'Gandhi and the Second World War', **"His sympathies morally were entirely with the British. Apart from his nostalgic memories of the years he had spent in England (the thought of possible destruction of the lovely city of London actually made him break-down) he sympathised with the British on an ideological basis also: the world had 'interpreted them to mean that they were fighting for saving democracy...Hence my sympathies for the cause of the Allies"** (*page 41*).

But by now, there was no more need of recruitment drive by Mahatma Gandhi or others. British imperialists found an ally in the form of Muslim League. Hindu Mahasabha and Muslim League both supported British for sending soldiers worldwide for second time. India was pushed into Second World War and Congress was not even consulted. Congress was ready to give support to Britain anyway but wanted an honourable role for itself in decisions concerning India and Nehru had been consistently raising independence as a pre-condition, which the British imperialists were not ready to give. Congress responded by resigning from the provincial seats gained in 1937, which is referred to as 'monumental blunder' by Tharoor. The demonstrative politics, lacking any diplomacy, led to handing over of an important leverage that Congress enjoyed due to its electoral success and paved the way for increasingly more popularity of Muslim League.

When every persuasion failed, Mahatma Gandhi launched Quit India movement. In this movement, Shashi Tharoor, critically observing the events of the time, notes, **'Quit India movement became the drumbeat of a national awakening, but all it did was prolong the nation's continued subjugation... The futility of the Quit India movement, which accomplished little but the Congress's own exclusion from national affairs, compounded the original blunder of the Congress in resigning its ministries. It had left the field free for the Muslim League, which emerged from the war immeasurably enhanced in power and prestige. Both the resignations of the Congress ministries in 1939 and the Quit India movement in 1942 turned out to be futile gestures of demonstrative rather than far-sighted politics. They paved the way for the triumph of the Muslim League** (*page 134, Inglorious Empire: What the British did to India*).

Subhash Chandra Bose at this point was left with no other option, but to side with another imperialist nation, Japan in order to force British imperialists out of the country. Though small in numbers, the Indian National Army fought with superior British Indian Army and created a symbolic support for the Indian cause, a feature that was missed following the 1872 event and many after that.

Thus, a history of political mistakes coupled with proposition of impractical ideas together with vested monetary interests of the national bourgeoisie can be clearly seen in the period following World War I. Nevertheless, World War II proved decisive. Britain was weakened economically and a re-assertion over India required large sums of money and a huge amount of trust, which the British imperialists had hitherto enjoyed due to a multitude of factors, but which in light of the new developments happening in the world, were now not very dependable.

The Great Indian village and the Freedom Family:

India is surprisingly diverse. So is its philosophy, ideas and people. These diverse group of people were subjugated by imperialists of the late British Empire. Different people interacted with the British Empire differently. Some supported them, others opposed. Yet, most of them remained passive. The vast majority thus, can be considered as the inhabitants of a cosmopolitan Indian village. Tharoor describes that **"The Empire, in Hobsbawm's evocative words, was 'so easily won, so narrowly based, so absurdly easily ruled thanks to the devotion of a few and the passivity of the many'"** (*page 52, Inglorious Empire: What the British did to India*). The 'devotion of a few' has been slightly discussed, while the 'passivity of the many' is not something that carries much importance. However, the 'few devoted' and the

Sri Satguru Jagjit Singh Ji Elibrary NamdhariElibrary@gmail.com

'many that remained passive' are related, since the imperial rule in India was held by a belief system, which was bolstered by religious and socio-political systems that were Indian, which literally propagated the notion of 'benevolence of the Empire', ingraining it so firmly in people's mind that they could not understand the real nature of imperialism on time and by the time, generations of depredation opened their eyes, they could not do much about it. However, during the last years of Empire, an increasingly larger portion got affected and participated.

This article tried to conceptualize the Indian freedom expressions in the form of a family. Who were the founders or parents of this family of freedom fighters? Who guided this family? Who played the part of decision making, and how did it impact the vast number of people who were within the umbrella of this great big Indian family? Prof. Humayun Kabir wrote an article 'Mother of Freedom Movements', wherein he mentions Namdhari movement started by Satguru Ram Singh to be the founder of other freedom movements. Prof. Kabir has failed to comprehend the ground reality and motivation behind the 1871 and 1872 events, yet in general he has summarized the movement correctly as being the first effort for Indian independence. The participants of the Namdhari movement were common people, who were raised to higher standards of morality and understanding by Satguru Ram Singh. These people who were described as 'low in the scale of humanity' rose to become the invincible rebels of the Empire, whose firm faith in their cause actually raises them to a level even above the Indian leadership of later years, which as described earlier, made tactical mistakes and displayed poor diplomacy. Hence, considering the contributions of Satguru Ram Singh to the Namdhari movement, he is the father of the Indian freedom family. Namdhari movement is the mother of this family, which was conceptualized by Satguru Ram Singh before India got united for administrative purpose. All the true nationalists, freedom-fighters who worked for Indian independence without any greed of limelight or other concerns, whether in Namdhari movement, *Ghadr* movement, Non-cooperation and Civil Disobedience movement, Indian National Army, other revolutionary movements, etc. are the sons and daughters of this family.

Other Indian leaders occupy the positions as brothers and sisters, who worked in their own ways, according to their own apprehensions and understanding. Some of them worked hoping that cooperation with the intruder imperialists will free them, some worked on the model of active coercion, while a few remained completely confused and impractical. Some of them were actually business persons, exploiting nationalist sentiments of the people for their monetary benefits. This is clearly indicated in the scholarly research, which mentions: **'The developments (concerning Civil Disobedience movement of 1930 and involving the decision of criteria for boycotting of foreign cloth mills, whereby paradoxically majority of British mills like Brady, Killick Nixon, Sassoon were deemed as '*Swadeshi*') show that the *Swadesh Sabha*, led by leading industrialists, and the Congress Boycott Committee, led by S M Munshi, were not so much guided by nationalist motives directed against the British imperial power but rather wanted to safeguard the local entrepreneurial interests, including the British ones, against rivalry from England and Japan'** (*page 38, The Civil Disobedience Movement and the National Bourgeoisie*). The common people who actively participated and suffered for the cause of freedom however, represent the true freedom fighters. In fact, it were these common people who pushed Indian leadership to action by its continuous persuasion, which by herself was misguided and marked by poor diplomacy. When second world war broke out, the Indian leadership was again confused and divided. Tharoor notes, **'when Germany's invasion of Poland on 1 September 1939 led Britain to declare war upon it, Indians noted the irony of the English fighting to defend the sovereignty of a weak country resisting the brute force of foreign conquest—precisely what Indian nationalists were doing against British**

imperialism. So Britain would fight Germany for doing to Poland what Britain had been doing to India for nearly two hundred years... Despite his stated antipathy for fascism and the Nazis, Nehru saw no reason why Indians should be expected to make sacrifices to preserve British rule over them. How could a subject India be ordered to fight for a free Poland?' (*page 128, Inglorious Empire: What the British did to India*). Even at this conjecture, Mahatma Gandhi, who was experimenting with his ideas, had different notions. Rashmi-Sudha Puri notes in her research, **'Gandhi was sorry to find himself "alone in thinking that whatever support was to be given to the British should be given unconditionally"** (*page 38, Gandhi and the Second World War*). However, by this time, Congress had decided to distance itself from the impractical ideas of Mahatma Gandhi, who had been advising Jews, Czechs to use non-violence against their aggressors (*page 33, Gandhi and the Second World War*). But Mahatma was still in a different spirit. He wrote in Harijan magazine, **'I am not thinking of India's deliverance. It will come, but what will it be worth if England and France fall or they come out victorious over Germany ruined and humbled?'** (*page 42, Gandhi and the Second World War*). Congress radicals were disheartened to note the 'vagueness' of Gandhian ideas (*page 169, Social and Political Thought of Gandhi*). Regarding the understanding of *Swaraj* or freedom, Jawaharlal Nehru noted in his autobiography, **'it was obvious that to most of our leaders, *Swaraj* meant something much less than independence. Gandhiji was delightfully vague on the subject, and he did not encourage clear thinking about it either'** (*page 76, Towards Freedom: The Autobiography of Jawaharlal Nehru*). This is in contrast to Satguru Ram Singh, whose movement was nothing short of 'complete independence' and was inclusive of every Indian sentiment that revealed itself later. Satguru Ram Singh had in his arsenal, the tactics of non-cooperation and active military coercion also, when needed. The British imperialists were alarmed at the news of enlistment of Namdhari Sikhs in the army of Maharaja Kashmir. A letter to Secretary, Punjab Government in regard of military training of Namdharis commented, **'it is obviously not to the advantage of any Government that a religious leader should possess the opportunity of passing his disciples through the ranks of regiments...'** (*page 119, Rebels against the British Rule*). A bitter rigidity marked the character of many Indian leaders of twentieth century with regard to the method for attaining independence. Particularly, Mahatma Gandhi was very cynical of the violent aggression and showed no mercy on Indians participating in violent ways, although he was in his own words, a **'self-appointing recruiting sergeant for the British in First World War'** (*page 40, Gandhi and the Second World War*). On the other hand, the revolutionaries using violent ways cooperated with Congress, its young leaders Jawaharlal Nehru and Subhash Chandra Bose and each wanted to help the other gain leverage over the imperial Government for a free India. Thus, these people were true to the cause of Indian independence, which for them was not a matter of personal gain or experimentation. While the Civil Disobedience movement required people to leave Government jobs, the British imperial policy never itself recruited Namdharis in police and army, as they were sure of the differences of principles propagated by Satguru Ram Singh and those followed by imperialism. In this way, Namdhari Sikhs did not, at any point in history, contribute to the imperial military or administrative machinery. Being the first to appear in timeline, this encouraged later revolutionaries and freedom fighters. This single feature places them at the forefront of freedom fighters and their independence movement a 'true nationalist' one. Hence, while everybody else played his/her part, some by remaining mute audience, some actively struggling, some offering passive resistance, some experimenting and generating confused ideas with

no practicality, the true spirit of freedom fight was shown by Satguru Ram Singh, his followers and followers of other movements who remained steadfast to the cause of Indian Independence. The followers of Namdhari movement did not sway from their principles and were the only people whom imperial administrators considered 'impossible' to tame, others like those of *Ghadr* party and soldiers of Indian Army who later formed *Azad Hind Fauj* (Indian National Army) corrected their course to work for Indian independence, rather than British imperialism. These people constitute the great 'Indian freedom family' who made innumerable sacrifices for the cause of others.

Mark of Maturity:

Turning to the question posed in the beginning, we can clearly see that Namdhari movement displayed a mark of maturity by working for 'complete independence' since its conception. There was no Western influence at that time. Non-cooperation with the imperial Empire was practiced, yet the movement was not against modernity. Twenty four years after its foundation, the next call for *Poorna Swaraja* or complete independence was given by Tilak, who as was discussed earlier, had sided with British during World War I. Thirty three years later, in the Lahore session of Indian National Congress, a formidable call for complete independence was given by Jawaharlal Nehru. Like the much forgotten Namdhari movement, the contribution of Namdhari Sikhs under the aegis of Satguru Partap Singh for the successful conductance of the 1929 Lahore session also does not find a note in the annals of history. Similarly, the unique efforts of Satguru Partap Singh for helping the people affected during partition and their rehabilitation have escaped the notice of historians. An unbiased analysis of all the movements of India leave no doubt about the magnanimity of the Namdhari movement. Being the first movement and the one of the few that remained truly 'Indian' till India gained independence, it was an indigenous effort by common people based on Indic philosophy, guided by Satguru Ram Singh. Prof. Humayun Kabir has rightfully referred to Namdhari movement as 'Mother of Freedom Movements'. It is time that historians and historiographers research and highlight the fatherly role that Satguru Ram Singh Ji played for the freedom of the country.

As **'Some people can be fooled all the time-- all the people can be fooled part of the time, all the people cannot be fooled all the time'.** This is clearly evident as in spite of the numerous illicit tactics by the British imperialists, their supporters and sympathizers, India is a free country today. Churchill held a firm view that the British Empire would last a thousand years. Brigadier Powell wrote in 1946 that India would need British control of one kind or another for at least fifty more years (Tharoor in: Inglorious Empire). That it did not, is a testament to the fact that 'you can not fool all the people all the time'. A look at Namdhari history reveals a peculiar case: **'Some people cannot be fooled for any time'.** That Namdhari Sikhs and others that were theoretically within the 'Namdhari movement' umbrella could not be fooled by the 'concocted aura' of British Empire is a credit to the philosophy of Satguru Ram Singh, an Indic one, without the necessity of English language or Western ideas!

ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਵੀ ਪੜ੍ਹਾਓ।

A SAGA OF
SRI SATGURU JAGJIT SINGH JI

–Dr. Sharada Jayagovind

Satguru, the Spiritual Powerhouse

ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ॥

Ap japai avrah nam japavai vad samrath taran taran.

He Himself chants, and inspires others to chant the Name of the Lord.

He is all powerful; He shows the way to salvation.

Sri Satguru Jagjit Singh ji, the spiritual powerhouse, inspired millions of his disciples and devotees living all over the world to tread the path of devotion and service. His Holiness showed them the way to a life of fulfilment and happiness. A rich legacy of spiritual well-being is his gift to the Namdhari sangat. The five decades of Patsha ji's reign from 1959 to 2012 constitutes the golden era of Namdhari Sikhs.

Disciples and devotees of Satguru Jagjit Singh ji considered him God in human form, an avatarpurush. Many miracles were associated with him, even though he attributed them all to the power of Akal Purakh.

Many worshipped this living Guru as their saviour. Among his disciples were the mightiest rulers as well as the most neglected sections of society. What was the secret of his divinity?

Satguru Jagjit Singh ji was first and foremost a perfect Sikh who lived the values he preached and there was no gap between his words and actions. His life was an illustration of total submission to the will of God and surrender at the feet of the Satguru. He saw God in all living beings and serving them with love and humility was his Dharma. He could bring people close to God because he was close to Him. Sincerity and truth were the hallmarks of this divine personality. Since he was a perfect Sikh, he was a paripoorna Guru also.

to be continue.....

ਕਾਵਿ-ਕਿਆਰੀ

ਸ਼ਹੀਦ ਦੀ ਵਾਰ

ਗਵਰਨਰ ਜਨਰਲ ਪੰਜਾਬ ਦਾ
ਸੀ ਮਾਈਕਲ ਉਡਵਾਇਰ ।
ਉਸ ਦਿੱਤੇ ਹੁਕਮ ਦਬਾ ਦਿਓ
ਸਵਤੰਤਰਤਾ ਲਹਿਰ ।
ਜਦ ਰੋਲਟ ਐਕਟ ਭੇਜਿਆ
ਫਿਰ ਬਿੱਲੇ ਭਰ ਕੇ ਜ਼ਹਿਰ ।
ਉਹ ਰੋਕਣ ਲੱਗਾ ਜੋਰ ਸੰਗ
ਆਜ਼ਾਦੀ ਦੀ ਲਹਿਰ ।
ਸੁਣ ਚੜ੍ਹਿਆ ਰੋਹ ਪੰਜਾਬੀਆਂ
ਆ ਜੁੜਿਆ ਸਾਰਾ ਸ਼ਹਿਰ ।
ਇੱਕ ਵੱਡਾ ਜਲਸਾ ਕਰਨ ਦਾ
ਮਤ ਹੋਇਆ ਪਹਿਲੇ ਪਹਿਰ ।
ਤਾਂ ਜਲ੍ਹਿਆਂ ਵਾਲੇ ਬਾਗ ਵਿੱਚ
ਆ ਡਾਇਰ ਕਮਾਇਆ ਕਹਿਰ।
ਫਿਰ ਬਹੁਤ ਨਿਹੱਥੇ ਭਾਰਤੀ
ਉਸ ਮਾਰੇ ਕਰ ਕਰ ਫਾਇਰ ।
ਇਹ ਤੱਕਿਆ ਊਧਮ ਸਿੰਘ ਨੇ
ਮਨ ਹੋਇਆ ਕਹਿਰੋ ਕਹਿਰ।
ਉਸ ਮਿੱਟੀ ਚੁੰਮੀ ਬਾਗ ਦੀ
ਤੇ ਖਾਧੀ ਇਕ ਸੌਗੰਧ ।
ਉਸ ਬਾਜਾਂ ਵਾਲਾ ਸਿਮਰਿਆ
ਫਿਰ ਕਰ ਕੇ ਅੱਖਾਂ ਬੰਦ ।
ਉਹ ਆਖੇ ਦੇਣਾ ਹੂੰਝ ਹੈ
ਹੁਣ ਸਾਮਰਾਜ ਦਾ ਗੰਦ।
ਉਸ ਜੋੜੇ ਵਿੱਚ ਵਿਦੇਸ਼ ਦੇ
ਜਾ ਅਣਖੀ ਪੀਡੇ ਤੰਦ ।
ਉਸ ਲੈ ਪਸਤੌਲ ਸਵਾਰਿਆ
ਕਰ ਪੁਸਤਕ ਅੰਦਰ ਬੰਦ ।
ਜਾ ਪਹੁੰਚਾ ਅੰਦਰ ਹਾਲ ਦੇ
ਉਹ ਭਾਰਤ ਦਾ ਫਰਜ਼ੰਦ ।
ਜਦ ਉੱਠ ਕੇ ਸੀ ਉਡਵਾਇਰ ਨੇ
ਫਿਰ ਕੀਤੀ ਕੁਝ ਤਕਰੀਰ।
ਉਸ ਕਿਹਾ ਭਾਰਤੀ ਲੋਕ ਮੈਂ
ਫੜ ਫੜ ਕੇ ਦਿੱਤੇ ਚੀਰ ।
ਆ ਲੱਗਾ ਊਧਮ ਸਿੰਘ ਦੇ
ਫਿਰ ਆਣ ਕਾਲਜੇ ਤੀਰ ।
ਉਸ ਉੱਠ ਕੇ ਦਬਕਾ ਮਾਰਿਆ
ਤੂੰ ਅਣਖ ਵੰਗਾਰੋਂ ਕੀਰ?
ਉਸ ਮਾਰੀ ਗੋਲੀ ਹਿੱਕ ਵਿੱਚ
ਤੇ ਜ਼ਾਲਮ ਦਿੱਤਾ ਚੀਰ ।
ਫਿਰ ਉੱਚੀ ਕਿਹਾ ਪੁਕਾਰ ਕੇ
ਰੱਖ ਵਿੱਚ ਕਲੇਜੇ ਧੀਰ ।
ਮੈਂ ਬਦਲਾ ਲੀਤਾ ਜ਼ੁਲਮ ਦਾ
ਨਾ ਕੀਤੀ ਹੈ ਤਕਸੀਰ।
ਮੈਨੂੰ ਫੜ ਲਓ ਇੰਗਲਸਤਾਨੀਓ
ਹੁਣ ਭਾਵੇਂ ਦੇਵੋ ਚੀਰ ।
ਮੈਂ ਲੇਖੇ ਲਾਉਣਾ ਵਤਨ ਦੇ
ਹੁਣ ਆਪਣਾ ਸਮਝ ਸਰੀਰ ।
ਪਾ ਗਿਆ ਸ਼ਹੀਦੀ ਸੂਰਮਾ
ਪਰ ਰਖੀ ਕਾਇਮ ਜ਼ਮੀਰ ।
ਉਸ ਦੇਸ਼ ਕੌਮ ਲਈ ਬਾਜਵਾ
ਝੱਟ ਆਪਾ ਦਿੱਤਾ ਵਾਰ।
ਕੁਰਬਾਨੀ ਊਧਮ ਸਿੰਘ ਦੀ
ਸਦ ਯਾਦ ਕਰੂ ਸੰਸਾਰ ।

ਲਖਵਿੰਦਰ ਸਿੰਘ ਬਾਜਵਾ

ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਕਿਉਂ! ਚੁੱਪ ਕਿਉਂ ਹੋ ਗਈ ਸੋਫੀ ਭੈਣ। ਮੈਂ ਤਾਂ ਇਹ ਪਹਿਲਾਂ ਹੀ ਜਾਣਦਾ ਸਾਂ ਕਿ ਤੂੰ ਕੁਝ ਨਹੀਂ ਕਰ ਸਕਣਾ। ਭਲਾ ਜੇ ਮੈਂ ਤੇਰੇ ਝਾਂਸੇ ਵਿਚ ਆ ਕੇ ਤੇਰੀ ਗੱਲ ਮੰਨ ਕੇ 'ਹਾਂ' ਆਖ ਦਿੰਦਾ, ਫਿਰ ਵੀ ਮੇਰੇ ਨਾਲ ਇਵੇਂ ਹੀ ਹੋਣੀ ਸੀ। ਇਹ ਤਾਂ ਸਿਰਫ ਮੇਰਾ ਪ੍ਰਤਾਵਾ ਤੇ ਸਿਦਕ ਵੇਖਣ ਦੀ ਗੱਲ ਸੀ, ਨਹੀਂ ਤਾਂ ਮੈਨੂੰ ਇਨਸਪੈਕਟਰ ਬਣਾਉਣ ਵਾਲੀ, ਇਹ ਮਾਮੂਲੀ ਜਿਹੀ ਗੱਲ ਨਹੀਂ ਕਰ ਸਕਦੀ, ਕਿ ਇਕ ਬੇਗੁਨਾਹ ਨੂੰ ਇਨਸਾਫ਼ ਦਿਵਾ ਸਕੇ। ਐਵੇਂ ਗੱਪਾਂ ਹੀ ਮਾਰਦੀ ਸੀ ਪਈ। ਬੱਸ ਮੈਨੂੰ ਰਾਜੀ ਕਰਨਾ ਏ, ਜਾਂ ਮੇਰੇ ਸਿਰ ਕੋਈ ਅਹਿਸਾਨ ਕਰਨਾ ਏਂ, ਤਦ ਇਸ ਗਰੀਬ "ਸੱਜਣ ਸਿੰਘ ਨੂੰ ਬਰੀ ਕਰਾ ਦੇ, ਜੋ ਨਿਰ-ਅਪਰਾਧ ਹੈ। ਜਿਸ ਦੇ ਨਿੱਕੇ-ਨਿੱਕੇ ਬਾਲ ਹੌਂਕੇ ਭਰਦੇ ਹਨ, ਜਿਸ ਨੇ ਤੇਰੇ ਜਿਡੀ ਜੁਆਨ ਕੁੜੀ ਦੀ ਸ਼ਾਦੀ ਦਾ ਦਿਨ ਮਿਥਿਆ ਹੋਇਆ ਹੈ। ਪਾਪਾ ਨੂੰ ਕਹਿ ਕੇ ਇਸ ਨੂੰ ਘਰ ਭਿਜਵਾ।

ਤੁਸੀਂ ਆਪਣਾ ਮੁਕਾਬਲਾ ਇਕ ਇਖ਼ਲਾਕੀ ਕੈਦੀ ਨਾਲ ਕਰ ਕੇ ਕਿੰਨੀ ਬੇਇਨਸਾਫ਼ੀ ਕਰਦੇ ਪਏ ਹੋ। ਭਲਾ ਤੁਹਾਡੇ ਆਖੇ ਲੱਗ ਕੇ ਜੇ ਮੈਂ ਇਸ ਨੂੰ ਬਰੀ ਵੀ ਕਰਾ ਦਿਆਂ, ਤਦ ਤੁਹਾਡੀ ਜਾਤ ਨੂੰ ਇਸ ਦਾ ਕੀ ਲਾਭ ਪੁੱਜੇਗਾ ? ਕੁਝ ਆਪਣੇ ਲਈ ਵੀ ਦੱਸੋ।

"ਮੇਰਾ ਤੁਸੀਂ ਕੋਈ ਫਿਕਰ ਨਾ ਕਰੋ। ਮੈਨੂੰ ਨਾ ਕੋਈ ਮਾਰ ਸਕਦਾ ਹੈ ਨਾ ਰੱਖ ਸਕਦਾ ਹੈ। ਮੇਰਾ ਮਰਣਾ ਜੀਊਣਾ, ਮੇਰੇ 'ਵਾਲੀ', ਭੈਣੀ ਸਾਹਿਬ ਵਾਲੇ ਦੇ ਹੱਥ ਵਿਚ ਹੈ। ਇਸ ਗਰੀਬ ਨੂੰ ਮਾਰਨਾ ਤੇ ਜਿਵਾਲਣਾ ਤੇਰੇ ਪਾਪਾ ਦੇ ਵੱਸ ਹੈ। ਇਸ ਨੂੰ ਬਰੀ ਕਰਾਉਣ ਬਦਲੇ ਮੈਂ ਤੁਹਾਡਾ ਬਹੁਤ ਵੱਡਾ ਅਹਿਸਾਨ-ਮੰਦ ਰਹਾਂਗਾ। ਇਸ ਦੇ ਬੱਚਿਆਂ ਦੀ ਖੁਸ਼ੀ ਸਾਡੀ ਆਤਮਾ ਨੂੰ ਸ਼ਾਂਤੀ ਦੇਵੇਗੀ। ਮੈਂ ਜੇ ਚਾਹਾਂ, ਤਦ ਤੁਹਾਡੇ ਕਹੇ ਅਨੁਸਾਰ ਜਰਾ ਕੁ ਹੇਰ-ਫੇਰ ਦੀ ਗੱਲ ਕਰ ਕੇ ਅੱਜ ਹੀ ਬਰੀ ਹੋ ਸਕਦਾ ਹਾਂ, ਪਰ ਇਸ ਨੂੰ ਤਾਂ ਮਾਫ਼ੀ ਮੰਗਿਆਂ ਵੀ ਕਿਸੇ ਨੇ ਨਹੀਂ ਛੱਡਣਾ।"

"ਤੁਸੀਂ ਭੁੱਲਦੇ ਹੋ, ਤੁਹਾਡਾ ਮਰਣਾ ਜੀਊਣਾ ਵੀ ਬਹੁਤ ਕੁਝ ਪਾਪਾ ਦੇ ਹੀ ਵੱਸ ਹੈ, ਕੁਝ ਕੁਝ ਮੇਰੇ ਵੀ। ਮੈਂ ਚਾਹਾਂ ਤਦ ਤੁਹਾਨੂੰ ਜ਼ਰੂਰ ਬਚਾ ਸਕਦੀ ਹਾਂ।"

"ਮੈਨੂੰ ਨਾ ਮਰਨ ਦਾ ਡਰ ਹੈ ਤੇ ਨਾ ਹੀ ਜੀਊਣ ਦੀ ਖਾਹਸ਼ ਹੈ। ਜੀਊਂਦਾ ਰਿਹਾ ਆਪਣੇ ਦੇਸ਼ ਦੀ, ਪੰਥ ਦੀ ਤੇ ਕੌਮ ਦੀ ਸੇਵਾ ਕਰਾਂਗਾ, ਤੇ ਮਰ ਗਿਆ ਤਦ ਆਪਣੇ ਸਾਥੀ ਸ਼ਹੀਦ ਭਰਾਵਾਂ ਕੋਲ ਜਾ ਕੇ ਦੇਸ਼-ਆਜ਼ਾਦੀ ਦੀ ਬਣਤ ਬਣਾਵਾਂਗਾ। ਮੇਰੇ ਤਾਂ ਦੋਹੀਂ ਹੱਥੀ ਲੱਡੂ ਹਨ। ਮੇਰੇ ਲਈ ਤੁਹਾਨੂੰ ਕਿਸੇ ਮੁਸ਼ਕਲ ਵਿਚ ਪੈਣ ਦੀ ਲੋੜ ਨਹੀਂ। ਇਸ ਸੱਜਣ ਸਿੰਘ ਨੂੰ ਛੁਡਾਉਣਾ ਹੀ ਮੇਰੀ ਖਾਹਸ਼ ਪੂਰੀ ਕਰਨਾ ਹੈ, ਮੇਰੀ ਸੋਫ਼ੀ ਭੈਣ।

"ਇਹ ਬੜਾ ਮੁਸ਼ਕਲ ਤੇ ਪੇਚੀਦਾ ਜਿਹਾ ਸਵਾਲ ਹੱਲ ਕਰਨ ਲਈ ਜ਼ੋਰ ਦੇ ਰਹੇ ਹੋ। ਮੈਂ ਇਸ ਨੂੰ ਬਚਾਉਣ ਲਈ ਜ਼ੋਰ ਦਿਆਂ, ਜਿਸ ਕੋਲੋਂ ਮਸਾਂ ਮਸਾਂ ਬਚ ਕੇ ਜਾ ਰਹੀ ਹਾਂ। ਤੇ ਜਿਸ ਦਾ ਤਾਜ਼ਾ ਜ਼ਖ਼ਮ ਮੇਰੇ ਵੀਰ ਦੇ ਮੋਢੇ ਤੇ ਨਹੀਂ, ਸਗੋਂ ਮੇਰੇ ਸੀਨੇ ਵਿਚ ਰੜਕ ਰਿਹਾ ਹੈ ਅਤੇ ਜੋ ਸਦਾ ਇਵੇਂ ਹੀ ਤਾਜ਼ਾ ਰਹੇਗਾ। ਇਸ ਅੱਗੇ ਕੋਈ ਜ਼ੁਲਮ ਕੀਤਾ ਹੋਵੇ ਜਾਂ ਨਾ, ਪਰ ਇਸ ਤਾਜੇ ਤੇ ਨਵੇਂ ਜ਼ੁਲਮ ਤੋਂ ਇਸ ਨੂੰ ਕੋਈ ਵੀ ਬਚਾ ਨਹੀਂ ਸਕਦਾ। ਇਕ ਗੋਰੇ ਐਸ. ਪੀ. ਦੀ ਕੁੜੀ ਤੇ ਇਕ ਕਾਲੇ ਹਿੰਦੁਸਤਾਨੀ ਦਾ ਹਮਲਾ ਇਸ ਦੀ ਮੌਤ ਲਈ ਇਹ ਕਾਫ਼ੀ ਹੈ। ਮੇਰਾ ਕਲੇਜਾ ਉਸ ਦਿਨ ਹੀ ਠੰਡਾ ਹੋਵੇਗਾ ਜਿਸ ਦਿਨ ਮੈਂ ਇਸ ਨੂੰ ਫਾਂਸੀ ਦੇ ਤਖ਼ਤੇ ਤੇ ਝੂਟਦਿਆਂ ਵੇਖਾਂਗੀ।"

"ਤਦ ਮੇਰੀ ਪ੍ਰੀਖਿਆ ਲਈ ਐਵੇਂ ਗੱਪਾਂ ਮਾਰਨ ਲਈ ਹੀ ਆਈ ਸੈਂ ? ਮੈਂ ਤਾਂ ਇਹ ਪਹਿਲਾਂ ਹੀ ਜਾਣਦਾ ਸਾਂ ਕਿ ਇਹ ਕਸਮਾਂ ਝੂਠੀਆਂ ਹਨ, ਇਹ ਵਾਹਦੇ ਕੋਰੇ ਹਨ, ਤੁਸਾਂ ਕਰਨਾ ਧਰਨਾ ਕੁਝ ਨਹੀਂ। ਮੈਂ ਐਵੇਂ 'ਹਾਂ ਆਖ ਸ਼ਰਮਿੰਦਾ ਕਿਉਂ ਹੋਵਾਂ ?"

"ਮੈਂ ਕਰ ਸਕਦੀ ਹਾਂ! ਜ਼ਰੂਰ ਕਰ ਸਕਦੀ ਹਾਂ!! ਪਰ ਦੋਸਤ ਲਈ, ਦੁਸ਼ਮਨ ਲਈ ਕੁਝ ਨਹੀਂ ਕਰ ਸਕਦੀ।"

(ਚਲਦਾ..................................

Sri Satguru Jagjit Singh Ji Elibrary NamdhariElibrary@gmail.com

7 Attitudes that block abundance

by: Julius Sevilla
strategic life coach

- **Procrastination:** Procrastination is the thief of time. So do not delay as if you a thousand years to live. Remember, tomorrow may never come.

- **Indecision:** Indecision is the greatest thief of opportunity. Because nothing is more expensive than a missed opportunity. So do not delay decide.

- **Self Judgment:** Never compare your weakness to someone else's strength. However be kind to yourself. You are God's highest form of creation. You are his masterpiece.

- **Over Thinking:** Stop over thinking, you are only creating problems that are not there remember. You cannot control everything just let it go.

- **Envy:** Envy is the art of counting your neighbor's blessing instead of your own. So do not be at the losing end and count your blessings instead.

- **Scarcity Mind set:** Nature is an inexhaustible storehouse of riches; the supply will never run short Do not try to create wealth with poverty thoughts, Let the idea of abundance dominate your mind first.. as you think so you create.

- **Victim-Hod:** You will not enjoy the limitless supply of blessings if you are stuck in the state of Victim-Hood, Rise-up. You always have a choice be a blessing instead. It is all in the state of mind.

These 7 attitudes do not serve you at all. life is too short. Beware of its presence and never ever let then room free in your mind

ਬੱਚਿਆਂ ਦਾ ਪੰਨਾ

ਆਜ਼ਾਦੀ

ਪਿੰਜਰੇ'ਚ ਬੈਠਾ ਸੀ ਉਹ
ਰੋਈ ਜਾ ਰਿਹਾ,
ਪੁੱਛਿਆ ਮੈਂ ਤੋਤਿਆ ਕੀ
ਹੋਈ ਜਾ ਰਿਹਾ।

ਕਹਿੰਦਾ ਪਿੰਜਰੇ'ਚ ਮੈਨੂੰ
ਕੈਦ ਕਰਿਆ,
ਮੇਰੇ ਕੋਲੋਂ ਦੁੱਖ ਨਹੀਉਂ
ਜਾਂਦਾ ਜਰਿਆ।

ਉੱਡ ਕੇ ਮੈਂ ਕਿਧਰੇ ਵੀ
ਜਾ ਨੀ ਸਕਦਾ
ਅੰਬਰੀ ਉਡਾਰੀਆਂ ਮੈ
ਲਾ ਨਹੀਂ ਸਕਦਾ

ਹਾਣੀ ਜਦੋਂ ਨਜ਼ਰ ਨੇ
ਪੈਣ ਲਗਦੇ,
ਹੰਝੂ ਆਪੇ ਅੱਖੀਆਂ'ਚੋਂ
ਵਹਿਣ ਲਗਦੇ।

-ਕਮਲਜੀਤ ਨੀਲੋਂ

- - - - - - - - - - - -

ਲੋਰੀ

ਸੌਂ ਜਾ,
ਸੌਂ ਜਾ, ਕਾਕਾ,
ਕਾਕਾ
ਭੂੰਡ-ਪਟਾਕਾ,
ਕਿਲੋ ਖਾਵੇ ਆਟਾ,
ਦੁੱਧ ਦਾ ਪੀਂਦਾ ਬਾਟਾ,
ਮੰਮੀ ਕੱਢੇ ਕੁਤ ਕੁਤਾਰੀ,
ਉਸ ਦਾ ਫੜਦਾ ਝਾਟਾ,
ਖਾ ਕੇ ਦੁੱਧ-ਮਲਾਈਆਂ,
ਮਗਰੋਂ ਬੋਲੇ ਟਾਟਾ।
ਸੌਂ ਜਾ,
ਸੌਂ ਜਾ, ਕਾਕਾ,
ਕਾਕਾ
ਭੂੰਡ ਪਟਾਕਾ।

-ਕਮਲਜੀਤ ਨੀਲੋਂ

- - - - - - - - - - - - - -

Sri Satguru Jagjit Singh Ji Elibrary NamdhariElibrary@gmail.com

ਖ਼ਬਰਨਾਮਾ

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ਼ਹੀਦੀ ਮੇਲਾ ਰਾਇਕੋਟ
30 ਜੁਲਾਈ 2019 ਨਾਮਧਾਰੀ ਸਮਾਰਕ ਰਾਇਕੋਟ

5 ਅਗਸਤ 1871 ਈ. ਨੂੰ ਰਾਇਕੋਟ ਵਿਖੇ ਸ਼ਹੀਦ ਹੋਏ ਨਾਮਧਾਰੀ ਸਿੰਘ- ਸੰਤ ਗੁਰਮੁਖ ਸਿੰਘ, ਸੰਤ ਮਸਤਾਨ ਸਿੰਘ ਅਤੇ ਸੰਤ ਮੰਗਲ ਸਿੰਘ ਦੀ ਯਾਦ ਵਿਚ ਸ਼ਹੀਦੀ ਮੇਲੇ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦਿੱਤੇ। ਸ਼ਹੀਦੀ ਸਥਾਨ ਤੇ ਸੰਗਤ ਦੀ ਭਰਪੂਰ ਹਾਜ਼ਰੀ ਸੀ, ਸਵੇਰ ਤੋਂ ਹੱਲੇ ਦੇ ਦੀਵਾਨ ਲੱਗ ਰਹੇ ਸਨ। ਸੰਤ ਸੁਰਿੰਦਰ ਸਿੰਘ ਜੀ, ਸੂਬਾ ਹਰਭਜਨ ਸਿੰਘ ਜੀ ਅਤੇ ਲੁਧਿਆਣੇ ਦੀ ਸੰਗਤ ਨੇ ਸ੍ਰੀ ਸਤਿਗੁਰੂ ਜੀ ਦਾ ਫੁੱਲਾਂ ਦੇ ਹਾਰਾਂ ਨਾਲ ਸਵਾਗਤ ਕੀਤਾ। ਜਥੇਦਾਰ ਨਿਸ਼ਾਨ ਸਿੰਘ ਜੀ (ਦਿੱਲੀ) ਦੇ ਦੀਵਾਨ ਉਪਰੰਤ ਸਵਾ ਬਾਰਾਂ ਤੋਂ ਸਵਾ ਇਕ ਤੱਕ ਨਾਮ ਸਿਮਰਨ ਹੋਇਆ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਲਗਾਇਆ ਗਿਆ। ਸ਼ਹੀਦਾਂ ਪ੍ਰਤੀ ਸ਼ਰਧਾਂਜਲੀ ਸਮਾਰੋਹ ਸਮੇਂ ਸ. ਅਜੀਤ ਸਿੰਘ ਜੀ ਸੈਕਟ੍ਰੀ ਨੇ ਮੰਚ ਸੰਚਾਲਨ ਦੀ ਸੇਵਾ ਨਿਭਾਈ। ਸੂਬਾ ਬਲਵਿੰਦਰ ਸਿੰਘ ਜੀ ਨੇ ਕਿਹਾ ਕਿ ਸ਼ਹੀਦੀ ਮੇਲਿਆਂ ਤੇ ਆਉਣਾ ਸਾਡਾ ਤਦ ਹੀ ਸਾਰਥਕ ਹੈ ਜੇ ਅਸੀਂ ਨਾਮ-ਬਾਣੀ ਅਤੇ ਸਤਿਗੁਰੂ ਨਾਲ ਜੁੜੀਏ।- ਸੇਵਕ ਹਰਪਾਲ ਸਿੰਘ ਨੇ ਕਿਹਾ: ਦਸਮ ਪਾਤਸ਼ਾਹ ਨੇ ਸੀਸ ਮੰਗੇ ਪੰਜ ਸਿੰਘ ਨਿੱਤਰੇ। ਗੁਰੂ ਸਾਹਿਬ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਸਾਜਿਆ ਫੇਰ ਕਰਾਮਾਤ ਹੀ ਵਾਪਰੀ ਕਿ 18 ਵੀਂ ਸਦੀ ਵਿਚ ਲੱਖਾਂ ਸਿਰਲੱਥ ਸੂਰਮੇਂ ਕੁਰਬਾਨੀਆਂ ਦੇਣ ਲਈ ਤਿਆਰ ਹੋ ਗਏ। ਮਹਾਨ ਸ਼ਹਾਦਤਾਂ ਹੋਈਆਂ ਅਤੇ ਮੁਗਲੀਆ ਹਕੂਮਤ ਦਾ ਅੰਤ ਹੋ ਗਿਆ। ਏਸੇ ਤਰ੍ਹਾਂ ਹੀ 19 ਵੀਂ ਸਦੀ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ 1857 ਦੀ ਵੈਸਾਖੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸੇ ਦੀ ਪੁਨਰ ਸੁਰਜੀਤੀ ਕੀਤੀ, ਕੁਝ ਵਰ੍ਹਿਆਂ ਵਿਚ ਹੀ ਫੇਰ ਅਨੇਕਾਂ ਸਿਰਲੱਥ ਸੂਰਮੇਂ ਤਿਆਰ ਹੋ ਗਏ। ਕੁਰਬਾਨੀਆਂ ਦਾ ਇਤਿਹਾਸ ਦੁਹਰਾਇਆ ਗਿਆ।-

ਉਨਾਂ ਦਾ ਜ਼ਿਕਰ ਹੁੰਦਿਆਂ, ਐਵੇਂ ਨਹੀਂ ਸੀਸ ਝੁਕਦੇ।
ਹੋਏ ਨੇ ਮਾਣ ਹਾਸਲ, ਤਲੀਆਂ ਤੇ ਸੀਸ ਧਰ ਕੇ॥

ਉਪਰੰਤ ਸੈਂਟਰਲ ਯੂਨੀਵਰਸਿਟੀ (ਬਠਿੰਡਾ) ਵਿਖੇ ਸਥਾਪਤ ਸਤਿਗੁਰੂ ਰਾਮ ਸਿੰਘ ਚੇਅਰ ਦੇ ਹੈੱਡ ਡਾ. ਕੁਲਦੀਪ ਸਿੰਘ ਜੀ ਸੰਗਤਾਂ ਦੇ ਰੂਬਰੂ ਹੋਏ। ਉਨ੍ਹਾਂ ਦੱਸਿਆ ਕਿ ਰਾਇਕੋਟ ਵਿਖੇ ਹੋਏ ਤਿੰਨਾਂ ਸ਼ਹੀਦਾਂ ਕਰਕੇ ਹੀ ਸੈਂਟਰਲ ਯੂਨੀਵਰਸਿਟੀ ਵਿਖੇ ਚੇਅਰ ਮੰਜੂਰ ਹੋਈ।- ਪ੍ਰਸਿੱਧ ਅਕਾਲੀ ਲੀਡਰ ਸਵਰਗਵਾਸੀ ਸ. ਜਗਦੇਵ ਸਿੰਘ ਤਲਵੰਡੀ ਦੇ ਸਪੁੱਤਰ ਸ. ਰਣਜੀਤ ਸਿੰਘ ਜੀ ਨੇ ਵਿਸਥਾਰ ਵਿਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਵਖਿਆਨ ਕਰਦਿਆਂ ਕਿਹਾ ਕਿ ਆਪ ਨੇ ਦੇਸ਼ ਦੀ ਆਜ਼ਾਦੀ ਦੀ ਨੀਂਹ ਰੱਖੀ, ਕੂਕੇ ਸਿੰਘਾਂ ਦੀਆਂ ਸ਼ਹੀਦੀਆਂ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਬੱਬਰਾਂ, ਗਦਰੀਆਂ ਆਦਿ ਅਨੇਕਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਹੀ ਸਾਨੂੰ ਆਜ਼ਾਦੀ ਮਿਲੀ ਨਾ ਕੇਵਲ ਗਾਂਧੀ ਜੀ ਦੇ ਚਰਖੇ ਨਾਲ ਆਜ਼ਾਦੀ ਮਿਲੀ ਹੈ। ਆਏ ਸਾਰੇ ਪਤਵੰਤੇ ਸੱਜਣਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਦੇ ਕੇ ਨਿਵਾਜਿਆ। ਇਸ ਸਾਕੇ ਦੇ ਤਿੰਨਾਂ ਸ਼ਹੀਦਾਂ ਦੇ ਪ੍ਰਵਾਰਾਂ ਚੋਂ ਆਏ ਸੱਜਣਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਬਖਸ਼ੇ। ਸ਼ਹੀਦ ਮਸਤਾਨ ਸਿੰਘ ਜੀ ਦੇ ਪ੍ਰਵਾਰ ਚੋਂ ਸ. ਜਗਸੀਰ ਸਿੰਘ, ਸ਼ਹੀਦ ਮੰਗਲ ਸਿੰਘ ਦੇ ਪ੍ਰਵਾਰ ਚੋਂ ਸ. ਜਸਮੇਰ ਸਿੰਘ ਅਤੇ ਸ਼ਹੀਦ ਗੁਰਮੁਖ ਸਿੰਘ ਦੇ ਪ੍ਰਵਾਰ ਚੋਂ ਸ. ਮਲਕੀਤ ਸਿੰਘ ਨੂੰ ਸਿਰੋਪਾਓ ਬਖਸ਼ੇ।- ਅਖੀਰ ਵਿਚ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਾਵਨ ਉਪਦੇਸ਼ ਦੁਆਰਾ ਸੰਗਤਾਂ ਨੂੰ ਕਿਰਤਾਰਥ ਕੀਤਾ। ਆਪ ਜੀ ਨੇ ਫੁਰਮਾਇਆ ਕਿ ਪੰਜਾਬ ਨਸ਼ਿਆਂ ਅਤੇ ਪਤਿਤਪੁਣੇ 'ਚ ਰੁੜਦਾ ਜਾ ਰਿਹਾ ਹੈ। ਨਾਮ-ਬਾਣੀ ਨਾਲ ਜੁੜਕੇ ਅਤੇ ਗੁਰਮਤਿ ਦੇ ਮਾਰਗ ਤੇ ਚੱਲ ਕੇ ਹੀ ਅਸੀਂ ਆਪਣੀ ਅਗਲੀ ਪੀੜੀ ਨੂੰ ਬਚਾ ਸਕਦੇ ਹਾਂ। ਗੁਰਬਾਣੀ ਪੜਿਆ ਕਰੋ, ਫੇਰ ਗੁਰਬਾਣੀ ਸਮਝਣ ਦਾ ਯਤਨ ਕਰੋ ਅਤੇ ਗੁਰਬਾਣੀ ਦੇ ਦੱਸੇ ਰਾਹ ਤੇ ਚਲਣ ਦੀ ਕੋਸ਼ਿਸ਼ ਕਰੀਏ। ਰੋਜ਼ ਨਾਮ ਜਪੀਏ, ਬਾਣੀ ਦਾ ਪਾਠ ਕਰੀਏ ਤਾਂ ਆਪੇ ਹੀ ਮਨ ਵਧੀਆ ਬਣਨਾ ਸ਼ੁਰੂ ਹੋ ਜਾਂਦਾ ਹੈ। ਅਸੀਂ ਅਕਾਲ ਪੁਰਖ ਦੀ ਰਜ਼ਾ ਵਿਚ ਰਹਿਣਾ ਸਿੱਖ ਜਾਂਦੇ ਹਾਂ। ਜੋ ਨਾਮ ਨਾਲ ਬਾਣੀ ਨਾਲ ਜੁੜਿਆ ਹੈ, ਉਹ ਕਿਤੇ ਵੀ ਬੈਠਾ ਹੈ, ਕੁੱਲੀ ਵਿਚ ਬੈਠਾ ਵੀ ਸੁਖੀ ਹੈ ਅਤੇ ਜੋ ਨਾਮ-ਬਾਣੀ ਅਤੇ ਗੁਰਮਤਿ ਨਾਲ ਨਹੀਂ ਜੁੜਿਆ ਉਹਦੇ ਮਨ ਵਿਚ ਭਟਕਣਾ ਹੈ, ਉਹ ਮਹਿਲਾਂ ਵਿਚ ਬੈਠਾ ਵੀ ਦੁਖੀ ਹੁੰਦਾ ਹੈ। ਪਹਿਲਾਂ ਆਪਾਂ ਆਪ ਸਿੱਖੀ ਨਾਲ ਜੁੜੀਏ ਤੇ ਫੇਰ ਬੱਚਿਆਂ ਨੂੰ ਜੋੜੀਏ। ਇਸ ਲਈ ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਸੁਣਿਆ ਕਰੋ, ਸੱਚੇ ਪਾਤਸ਼ਾਹ ਜੀ ਦੇ ਸਾਰੇ ਉਪਦੇਸ਼ ਗੁਰਬਾਣੀ ਤੇ ਅਧਾਰਤ ਹਨ। ਇਸ ਸ਼ਹੀਦੀ ਸਥਾਨ ਤੇ ਨਵੀਂ ਉਸਾਰੀ ਹੋਵੇਗੀ। ਇਸ ਸਥਾਨ ਦੀ ਚੰਗੀ ਵਰਤੋਂ ਹੋ ਸਕੇ। ਏਥੇ ਆ ਕੇ ਸ਼ਹੀਦਾਂ ਦੀ ਯਾਦ ਆਵੇ, ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਆਵੇ। ਏਸ ਥਾਂ ਦੀ ਇਲਾਕੇ ਦੇ ਭਲੇ ਵਾਸਤੇ ਵਰਤੋਂ ਹੋ ਸਕੇ। ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਂ ਨਾਲ ਮੇਲਾ ਸੰਪੰਨ ਹੋਇਆ।

-ਹਰਪਾਲ ਸਿੰਘ ਸੇਵਕ

Sri Satguru Jagjit Singh Ji Elibrary NamdhariElibrary@gmail.com

ਇਕ ਅਭੁਤ-ਪੂਰਵ ਕ੍ਰਿਤੀ 'ਸੰਗੀਤ ਸਰੂਪ ਸਤਿਗੁਰੂ'

ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤਕ ਯਾਤਰਾ

(ਦਸਤਾਵੇਜ਼ੀ- ਫਿਲਮ ਰਿਲੀਜ਼ ਸਮਾਰੋਹ) 26 ਜੁਲਾਈ 2019, ਬੰਬਈ

ਇਕ ਸਰਬਪੱਖੀ ਨਾਇਕ ਦੀ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਧੀ ਸਦੀ ਤੋਂ ਵੱਧ ਸਮਾਂ ਨਾਮਧਾਰੀ ਪੰਥ ਦੀ ਰਹਿਨੁਮਾਈ ਕਰਦਿਆਂ ਹਰ ਖੇਤਰ ਵਿਚ ਸੁਯੋਗ ਅਗਵਾਈ ਕਰਕੇ ਪੰਥ ਨੂੰ ਬੁਲੰਦੀਆਂ ਤੇ ਪਹੁੰਚਾਇਆ। ਆਪ ਜੀ ਨੇ ਸਭ ਤੋਂ ਵੱਧ ਤਵੱਜੋਂ ਨਾਮ-ਬਾਣੀ ਅਤੇ ਸੰਗੀਤ ਵੱਲ ਦਿੱਤੀ। ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਅਤੇ ਨਾਮ ਸਿਮਰਨ ਜਪ ਪ੍ਰਯੋਗ ਕਰਵਾ ਕੇ ਸਾਮੂਹਿਕ ਤੌਰ ਤੇ ਏਨਾ ਨਾਮ ਜਪਵਾਇਆ ਕਿ ਇਸ ਤੋਂ ਪਹਿਲਾਂ ਕਦੇ ਨਹੀਂ ਹੋਇਆ। ਗੁਰਬਾਣੀ ਦੇ ਲੱਖਾਂ ਸਾਧਾਰਨ ਪਾਠ ਅਤੇ ਹਜ਼ਾਰਾਂ ਅਖੰਡ ਪਾਠ ਕਰਵਾਏ। ਗੁਰਬਾਣੀ ਦੇ ਸ਼ੁਧ ਉਚਾਰਨ ਵੱਲ ਏਨਾਂ ਉਚੇਚ ਕੀਤਾ ਕਿ ਕੀਰਤਨ ਸਮੇਂ ਰਾਗੀ ਸਿੰਘਾਂ ਤੋਂ ਕੋਈ ਲਗ ਮਾਤਰ ਦੀ ਉਕਾਈ ਹੋਣੀ ਤਾਂ ਉਸੇ ਵੇਲੇ ਰੋਕ ਕੇ ਸ਼ੁਧ ਕਰਵਾਉਣੀ। ਤੀਸਰਾ ਵਿਸ਼ੇਸ਼ ਕਾਰਜ ਹੈ- ਸੰਗੀਤ। ਆਪ ਜੀ ਨੇ ਸ਼ਾਸਤ੍ਰੀ ਸੰਗੀਤ ਅਤੇ ਗੁਰਮਤਿ ਸੰਗੀਤ ਦਾ ਸੁਮੇਲ ਕੀਤਾ। 'ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ'- ਵਾਕ ਸਾਕਾਰ ਹੋ ਗਿਆ। ਦੇਸ ਭਰ ਵਿਚ ਅਤੇ ਵਿਦੇਸਾਂ ਵਿਚ, ਹਰ ਜਗ੍ਹਾ ਨਾਮਧਾਰੀ ਨੌਜੁਆਨ ਬੱਚੇ-ਬੱਚੀਆਂ ਸੰਗੀਤ ਸਿੱਖਣ ਲਗ ਗਏ। ਸ਼ਾਸਤ੍ਰੀ ਸੰਗੀਤ ਜਗਤ ਦੀਆਂ ਮਹਾਨ ਹਸਤੀਆਂ ਪਾਸ ਆਪਣੇ ਸਿਖਿਆਰਥੀ ਭੇਜ ਕੇ, ਉਨ੍ਹਾਂ ਦੀ ਸੰਗੀਤਕ ਵੰਨਗੀ ਨੂੰ ਕੀਰਤਨ ਵਾਸਤੇ ਸੁਰੱਖਿਅਤ ਕੀਤਾ। ਗੁਰੂ ਘਰ ਦੀਆਂ ਆਦਿ ਗੁਰੂ ਸਾਹਿਬਾਨ ਵੇਲੇ ਦੀਆਂ ਕੀਰਤਨ ਦੀਆਂ ਪੁਰਾਤਨ ਰੀਤਾਂ ਦੀ ਸੰਭਾਲ ਕੀਤੀ ਅਤੇ ਆਪ ਜੀ ਨੇ ਗੁਰਬਾਣੀ ਸ਼ਬਦਾਂ ਦੀਆਂ ਅਨੇਕਾਂ ਨਵੀਆਂ ਬੰਦਿਸ਼ਾਂ ਦੀ ਰਚਨਾਂ ਕੀਤੀ ਜਿਨ੍ਹਾਂ ਵਿਚ ਖੰਡ-ਮਾਤਰਾਂ, ਡੇਓਢੀਆਂ, ਪੌਣੀਆਂ ਅਤੇ ਸਵਾਈਆਂ ਮਾਤਰਾਂ ਦੀਆਂ ਬੰਦਿਸ਼ਾਂ ਵੱਡੇ ਸੰਗੀਤ ਉਸਤਾਦਾਂ ਲਈ ਵਿਸ਼ੇਸ਼ ਆਕਰਸ਼ਨ ਹਨ। ਸ਼ਾਸਤ੍ਰੀ ਸੰਗੀਤ ਜਗਤ ਦੀਆਂ ਮਹਾਨ ਹਸਤੀਆਂ ਇਸ ਵੀਚਾਰ ਤੇ ਇਕ ਮਤ ਹਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਮਹਾਨ ਸੰਗੀਤਾਚਾਰਯ, ਸੰਗੀਤ ਸੰਰੱਖਿਅਕ ਅਤੇ ਸੰਗੀਤਕਾਰਾਂ ਦੇ ਪਾਲਕ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤਕ-ਯਾਤਰਾ ਨਾਲ ਸਬੰਧਿਤ ਹਜ਼ਾਰਾਂ ਕੈਮਰਾ ਫੋਟੋਗਰਾਫਜ਼, ਪੁਰਾਣੀਆਂ ਮੂਵੀਜ਼, ਹਜ਼ਾਰਾਂ ਘੰਟਿਆਂ ਦੀ ਆਡੀਓ ਅਤੇ ਵੀਡੀਓ ਰਿਕਾਰਡਿੰਗ ਸ੍ਰੀ ਭੈਣੀ ਸਾਹਿਬ ਉਪਲਭਦ ਹਨ। ਹਜ਼ਾਰਾਂ ਘੰਟਿਆਂ ਦੀ ਰਿਕਾਰਡਿੰਗ ਚੋਂ ਇਕ ;ਪੰਜ-ਘੰਟੇ ਭਾਵ 300 ਮਿੰਟ ਦੀ ਦਸਤਾਵੇਜ਼ੀ ਫਿਲਮ ਤਿਆਰ ਕੀਤੀ ਗਈ ਹੈ। ਏਨੀ ਰਿਕਾਰਡਿੰਗ ਨੂੰ ਸੁਨਣਾ, ਹਜ਼ਾਰਾਂ ਘੰਟਿਆਂ 'ਚੋਂ ਸਲੈਕਸ਼ਨ ਕਰਨੀ ਅਤੇ ਫੇਰ ਉਸਨੂੰ ਇਕ ਕਹਾਣੀ ਬਣਾਉਣ ਲਈ ਮੋਤੀਆਂ ਵਾਂਗ ਪਰੋਣਾ ਇਹ ਕਾਰਜ ਕੋਈ ਕਲਾਕਾਰ ਹੀ ਕਰ ਸਕਦਾ ਹੈ। ਇਹ ਮਹਾਨ ਅਤੇ ਅਭੁਤ ਪੂਰਵ ਕੰਮ ਕੀਤਾ- ਸ. ਤਰਨਜੀਤ ਸਿੰਘ ਨਾਮਧਾਰੀ ਨੇ ਜੋ ਕਿ ਫਿਲਮ ਸਿਟੀ ਬੰਬੇ ਵਿਚ ਡਾਇਰੈਕਸ਼ਨ, ਸਕਰਿਪਟ ਰਾਈਟਿੰਗ ਅਤੇ ਐਡੀਟਿੰਗ ਦੇ ਮਾਸਟਰ ਹਨ। ਆਪ ਨੇ ਪਹਿਲੋਂ ਵੀ ਨਾਮਧਾਰੀ ਸੰਗਤਾਂ ਵਾਸਤੇ ਕੁਝ ਡਾਕੂਮੈਂਟਰੀਜ਼ ਬਣਾਈਆਂ ਹਨ- ਸਭ ਤੋਂ ਪਹਿਲਾਂ 'ਸਰਬ ਕਲਾ ਸਮਰਥ' ਫੇਰ 'ਰੂਪ ਰੱਬ ਦਾ'- 'ਅਟੱਲ ਪ੍ਰਤਾਪੀ', 'ਧੂੜੀ ਏਸ ਧਰਤੀ ਦੀ' ਅਤੇ 'ਰਾਗ ਰਤਨਾਵਲੀ' ਆਦਿ। ਇਨ੍ਹਾਂ ਤੋਂ ਬਾਅਦ ਸਭ ਤੋਂ ਵੱਧ ਮਿਹਨਤ, ਖਰਚ-ਖੇਚਲ ਵਾਲਾ ਅਤੇ ਸਭ ਤੋਂ ਮਹੱਤਵਪੂਰਨ ਕਾਰਜ ਹੋਇਆ ਹੈ- 'ਸੰਗੀਤ ਸਰੂਪ ਸਤਿਗੁਰੂ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਮੁੱਚੀ ਸੰਗੀਤਕ ਯਾਤਰਾ, ਜੋ 26 ਜੁਲਾਈ ਨੂੰ ਬੰਬਈ ਮੈਟਰੋ ਸਿਨੇਮਾ ਥੀਏਟਰ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਉਸਤਾਦ ਜ਼ਾਕਿਰ ਹੁਸੈਨ ਜੀ ਅਤੇ ਪੰਡਿਤ ਸ਼ਿਵਕੁਮਾਰ ਸ਼ਰਮਾਂ ਜੀ ਨੇ ਰਿਲੀਜ਼ ਕੀਤੀ।

'ਸੰਗੀਤ-ਸਰੂਪ-ਸਤਿਗੁਰੂ' ਦੇ ਰਿਲੀਜ਼ ਸਮਾਰੋਹ ਵਿਚ ਇੰਗਲੈਂਡ, ਰਾਜਸਥਾਨ, ਹਰਿਆਣਾ, ਪੰਜਾਬ ਅਤੇ ਦਿੱਲੀ ਤੋਂ ਨਾਮਧਾਰੀ ਸੰਗਤਾਂ ਉਚੇਚੇ ਤੌਰ ਤੇ ਪਹੁੰਚੀਆਂ। ਬੰਬਈ ਦੇ ਮੈਟਰੋ ਸਿਨੇਮਾ ਦਾ ਸਮੁੱਚਾ ਕੰਪਲੈਕਸ ਸਫੈਦ ਰੰਗ ਵਿੱਚ ਰੰਗਿਆ ਗਿਆ। ਜਿਵੇਂ ਅਰਸ਼ੋਂ ਦੇਵਤੇ ਉੱਤਰ ਆਏ ਹੋਣ। ਗੁਰਮੁਖੀ ਬਾਣੇ ਵਿੱਚ ਬੀਬੀਆਂ ਅਤੇ ਸਿੰਘਾਂ ਦੀ ਸੀਤ ਰੌਣਕ ਦਰਸ਼ਨਾਂ ਲਈ ਇੱਕ ਅਚੰਭਾ ਸੀ। ਵਿਸ਼ੇਸ਼ ਸੰਗੀਤ ਹਸਤੀਆਂ ਵਿਚ ਉਸਤਾਦ ਜ਼ਾਕਿਰ ਹੁਸੈਨ, ਪੰਡਿਤ ਸ਼ਿਵ ਕੁਮਾਰ ਸ਼ਰਮਾ, ਹਿਦਾਇਤ ਹੁਸੈਨ, ਜ਼ਿਲਾ ਖਾਨ, ਪੰਡਿਤ ਯੁਗੇਸ਼ ਸਮਸੀ ਅਤੇ ਉਸਤਾਦ ਹਰਭਜਨ ਸਿੰਘ ਜੀ ਆਦਿ ਸਨ। ਮਨਿਓਰਟੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਸੁਸ਼ੀਲ ਜੀਵਰਾਜ ਸਿੰਘੀ ਜੀ ਵੀ ਉਚੇਚੇ ਹਾਜਰ ਹੋਏ। ਸ਼ਾਮੀਂ 4:30 ਤੋਂ 6 ਤੱਕ ਪਹਿਲੋਂ ਪ੍ਰੈਸ ਕਾਨਫਰੰਸ ਹੋਈ ਜਿਸ ਵਿਚ ਰੇਡੀਓ, ਟੈਲੀਵੀਜ਼ਨ ਅਤੇ ਪਰਿੰਟ ਮੀਡੀਆ ਦੇ ਨੁਮਾਂਇਦਿਆਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ, ਨਾਮਧਾਰੀ ਸਿੱਖਾਂ ਬਾਰੇ ਅਤੇ ਡਾਕੂਮੈਂਟਰੀ ਬਾਰੇ ਜਾਣਕਾਰੀ ਦਿੱਤੀ ਗਈ। ਮੀਡੀਆ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਸ੍ਰੀ ਸਤਿਗੁਰੂ ਜੀ ਦੇ ਨਾਲ ਮੰਚ ਤੇ ਫਿਲਮ ਦੇ ਡਾਇਰੈਕਟਰ ਤਰਨ ਜੀਤ ਸਿੰਘ, ਉਸਤਾਦ ਅਮਜ਼ਦ ਅਲੀ ਜੀ, ਪੰਡਿਤ ਸ਼ਿਵ ਕੁਮਾਰ ਜੀ ਅਤੇ ਯੁਗੇਸ਼ ਸਮਸੀ ਜੀ ਸਨ। ਉਪਰੰਤ ਤਰਨਜੀਤ ਸਿੰਘ ਅਤੇ ਬੀਬੀ ਵੰਦਨਾਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਨ-ਬੋਰਡ ਤੇ ਬਣੀ ਡਾਕੂਮੈਂਟਰੀ ਦੀ ਟਾਈਲਟ ਫੋਟੋ ਲੈ ਕੇ ਮੰਚ ਤੇ ਹਾਜ਼ਰ ਹੋਏ। ਸ੍ਰੀ ਸਤਿਗੁਰੂ ਜੀ, ਉਸਤਾਦ ਜਾਕਿਰ ਹੁਸੈਨ ਅਤੇ ਪੰਡਿਤ ਸ਼ਿਵ ਕੁਮਾਰ ਜੀ ਨੇ ਵਿਧੀ ਵੱਤ ਤਸਵੀਰ ਤੋਂ ਪਰਦਾ ਹਟਾ ਕੇ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਆਏ ਸਾਰੇ ਪਤਵੰਤਿਆਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਵਾਲਾ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ। ਇਸੇ ਥੀਏਟਰ ਦੀ ਕਾਮਨ ਲਾਬੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸੰਗੀਤ ਨਾਲ ਸਬੰਧਿਤ ਅਤੇ ਸੰਗੀਤ ਉਸਤਾਦਾਂ ਨਾਲ ਟਰਾਂਸਲਾਈਟ (ਤਸਵੀਰਾਂ) ਸੁਸੱਜਿਤ ਸਨ ਜਿਨ੍ਹਾਂ ਵਿਚ ਉਸਤਾਦ ਸਾਹਿਬਾਨ ਦੇ ਸ੍ਰੀ ਸਤਿਗੁਰੂ ਜੀ ਬਾਰੇ ਕਹੇ ਸ਼ਬਦ ਲਿਖੇ ਹੋਏ ਸਨ। ਪ੍ਰੈਸ ਕਾਨਫਰੰਸ ਉਪਰੰਤ 6 ਤੋਂ 8:30 ਵੱਖੋ-ਵੱਖ ਦੋ ਥੀਏਟਰਜ਼ ਵਿਚ ਪੰਜ ਘੰਟਿਆਂ ਚੋਂ ਐਡਿਟ ਕਰਕੇ ਢਾਈ ਘੰਟੇ ਦੀ ਡਾਕੂਮੈਂਟਰੀ ਫਿਲਮ ਵੱਡੀ ਸਕਰੀਨ ਤੇ ਵਿਖਾਈ ਗਈ। ਸ੍ਰੀ ਸਤਿਗੁਰੂ ਜੀ ਦੀ ਸੰਗੀਤ ਯਾਤਰਾ ਦੇ ਛੇ ਐਪੀਸੋਡ ਹਨ- ਪਹਿਲਾਂ

Sri Satguru Jagjit Singh Ji Elibrary NamdhariElibrary@gmail.com

(1920-1959 ਈ.) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ ਬਚਪਨ ਤੋਂ ਯੁਵਾ ਅਵਸਥਾ ਤੱਕ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਦੀ ਸੰਗੀਤ ਸਿੱਖਿਆ। ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਗੱਦੀ ਨਸ਼ੀਨੀ ਤੋਂ ਬਾਅਦ 10-10 ਸਾਲ ਦੇ ਸਮੇਂ ਦੇ ਐਪੀਸੋਡ ਹਨ ਜਿਨ੍ਹਾਂ ਵਿਚ 1959 ਤੋਂ 1970 ਤੱਕ ਜੀਵਨ ਨਗਰ ਵਿਖੇ ਸੰਗੀਤ ਸਿੱਖਿਆ ਦਾ ਅਰੰਭ। 1980 ਤੱਕ ਰਾਸ਼ਟਰੀ ਪੱਧਰ ਦੇ ਸੰਗੀਤ ਸੰਮੇਲਨ। 1990 ਅਤੇ 2000 ਤੱਕ ਦੇਸ ਭਰ ਵਿਚ ਅਤੇ ਵਿਦੇਸਾਂ ਵਿਚ ਨਵੀਂ ਪੀੜ੍ਹੀ ਵਿਚ ਸੰਗੀਤ ਦਾ ਸੰਚਾਰ ਪੁਰਾਤਨ ਰੀਤਾਂ ਦੀ ਸੰਭਾਲ ਅਤੇ ਨਵੀਂਆਂ ਗੁਰਬਾਣੀ ਬੰਦਿਸ਼ਾਂ ਦੀ ਸਿਰਜੰਨਾ। ਸ਼ਾਸਤਰੀ ਸੰਗੀਤ ਦੇ ਉਸਤਾਦਾਂ ਪਾਸ ਨਾਮਧਾਰੀ ਯੁਵਕਾਂ ਨੂੰ ਸਿੱਖਣ ਲਈ ਭੇਜਣਾ ਆਦਿ। ਸੰਨ 2000 ਵਿਚ ਸ੍ਰੀ ਸਤਿਗੁਰੂ ਜੀ ਦੇ ਸਿਹਤ ਢਿੱਲੀ ਹੋਣੀ ਅਤੇ ਬਾਅਦ ਵਿਚ 2012 ਤੱਕ ਦਾ ਸੰਗੀਤ ਸਫ਼ਰ, ਸੰਗੀਤ ਬੈਠਕਾਂ ਆਦਿ। ਦਿਸੰਬਰ 2012 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਅਤੇ ਉਪਰੰਤ ਸਤਿਗੁਰੂ ਉਦੇ ਸਿੰਘ ਜੀ ਵੱਲੋਂ 'ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨਾਂ' ਦੀ ਅਰੰਭ ਕੀਤੀ ਲੜੀ ਦਾ ਵੀ ਸੰਖੇਪ ਪ੍ਰਦਰਸ਼ਨ ਹੈ। ਡਾਕੂਮੈਂਟਰੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸ਼ਾਸਤ੍ਰੀ ਸੰਗੀਤ ਜਗਤ ਦੇ ਸਾਰੇ ਹੀ ਪ੍ਰਮੁਖ ਸੰਗੀਤਾਚਾਰਯ ਵੀ ਕਿਸੇ ਨਾ ਕਿਸੇ ਸੰਗੀਤ ਬੈਠਕ ਵਿਚ ਮੌਜੂਦ ਹਨ। ਢਾਈ ਘੰਟੇ ਦੀ ਡਾਕੂਮੈਂਟਰੀ ਵੇਖ ਕੇ ਨਾਮਧਾਰੀ ਸੰਗਤਾਂ ਨੇ ਤਾਂ ਅਨੰਦ ਮਾਣਿਆ ਹੀ। ਸੰਗੀਤਕਾਰ ਉਸਤਾਦ ਸਾਹਿਬ ਵੀ ਆਖ ਰਹੇ ਸਨ ਕਿ ਵੀਹਵੀਂ ਸਦੀ ਵਿਚ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਜੋ ਯੋਗਦਾਨ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੈ- ਹੋਰ ਕਿਸੇ ਦਾ ਨਹੀਂ। ਏਡੀ ਵਿਸਤ੍ਰਿਤ ਅਤੇ ਵਧੀਆ ਡਾਕੂਮੈਂਟਰੀ ਵੀ ਹੋਰ ਕਿਸੇ ਬਾਰੇ ਬਣੀ ਹੋਵੇ, ਧਿਆਨ 'ਚ ਨਹੀਂ ਔਂਦੀ। 'ਸੰਗੀਤ ਸਰੂਪ ਸਤਿਗੁਰੂ' ਡਾਕੂਮੈਂਟਰੀ ਫਿਲਮ ਵੇਖ ਕੇ ਦਰਸ਼ਕ ਜਿਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਾਨ ਕਰਨੀ ਅੱਗੇ ਨੱਤ-ਮਸਤਕ ਹੁੰਦੇ ਹਨ ਉਥੇ ਹਜ਼ਾਰਾਂ ਘੰਟਿਆਂ ਦੀ ਰਿਕਾਰਡਿੰਗ ਦਾ ਸਾਰ ਪੰਜ ਘੰਟਿਆਂ ਵਿਚ, ਗਾਗਰ ਵਿਚ ਸਾਗਰ ਸਮੇਟਣ ਦਾ ਕਾਰਜ ਕਰਨ ਵਾਲੇ ਤਰਨਜੀਤ ਸਿੰਘ ਅੱਗੇ ਵੀ ਸਿਰ ਝੁਕਦਾ ਹੈ ਜਿਸਦੀ ਕ੍ਰੀਬ ਪੰਜ ਵਰ੍ਹਿਆਂ ਦੀ ਮੇਹਨਤ ਨਹੀਂ ਤਪੱਸਿਆ ਦਾ ਫਲ ਹੈ- 'ਸੰਗੀਤ-ਸਰੂਪ-ਸਤਿਗੁਰੂ'॥

-ਹਰਪਾਲ ਸਿੰਘ ਸੇਵਕ

Satguru Jagjit Singh Ji's contribution to music celebrated with documentary 'Sangeet Saroop Satgur'

MUMBAI: Metro Cinema at Dhobi Talao in Mumbai was filled with Sikhs on 26 July 2019, to celebrate the 100th birth anniversary of Satguru Jagjit Singh. Sikhs of all ages could be seen in white, guys with a turban and women covering their heads with plain dupattas would have been the first sight to see for anyone who entered the venue. It was a very peaceful atmosphere with people sharing smiles and hugs and photographers beautifully capturing those loving moments.

This event was graced by the presence of present Spiritual Master of the Namdhari Sikhs - Satguru Uday Singh ji, Pandit Shiv Kumar Sharma, Ustad. Zakir Hussain. Pandit Yogesh Samsi, Hidayat Hussain Khan, Zila Khan, Sunil Jeevraj Singhi – Member Minority Commission, Ustad Harbhajan Singh etc. Their presence made the event much more memorable.

Documented by filmmaker Taranjeet Singh Namdhari, the documentary is titled as *Sangeet-Saroop-Satguru*. The documentary covered instances from Satguruji's life, his connection with music and his efforts at passing this knowledge about music selflessly with the people around him. The documentary showed how Satguru ji believed that music in itself is an association with god himself. He was a firm believer that the lyrics of songs should be spiritual and the music should be pure. The documentary consisted of confessions from his disciples, his acquaintances and his friends. Almost everybody agrees with the fact that no one else (at least in their knowledge) posses that amount of talent and passion when it comes to classical music. He gave the world 'new taals' that musicians earlier had not even thought of. Even today, musicians say that his music was not just about spirituality, but also held true when it comes to science and heritage. His students feel that had it not been for Satguru ji, traditional instruments of playing music would have been extinct by now. Musicians who have reached places today because of him were shown giving the entire credit with immense love to Satguru ji.

"Very few maestros have had such an impact on our generation in all spheres of life, on music, on spirituality or on life in general, educating everyone as to how they can lead an ideal life specially though the field of music. The blessings that Satguru ji gave us artists cannot be found in another parallel in this life or era of ours", said Ustad Zakir Hussain.

It was amazing initiative to make the nation aware of the phenomenal music our ancestors have created and passed on to us. The celebration was a thoughtful step and a very new approach to admire our very own singers.

-Taranjit Singh Bombay

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਸ਼ਹੀਦੀ ਮੇਲਾ, ਰਾਇਕੋਟ

30 ਜੁਲਾਈ 2019

ਨਾਮਧਾਰੀ ਸ਼ਹੀਦੀ ਸਮਾਰਕ ਰਾਇਕੋਟ

ਸ੍ਰੀ ਸਤਿਗੁਰੂ ਜੀ ਉਪਦੇਸ਼ ਦਿੰਦੇ ਹੋਏ।

ਸ੍ਰੀ ਸਤਿਗੁਰੂ ਜੀ ਤੋਂ ਅਸ਼ਰੀਵਾਦ ਪ੍ਰਾਪਤ ਕਰਦੇ ਹੋਏ ਮੇਲੇ ਦੀ ਸੇਵਾ ਕਰਨ ਵਾਲੇ ਸਰੀਰ।



ਜਥੇਦਾਰ ਨਿਸ਼ਾਨ ਸਿੰਘ (ਦਿੱਲੀ) ਆਪਣੇ ਸਾਥੀਆਂ ਨਾਲ ਦੀਵਾਨ ਲਗਾਉਂਦੇ ਹੋਏ।

ਸੂਬਾ ਅਜੀਤ ਸਿੰਘ (ਬਟਾਲਾ) ਆਪਣੇ ਸਾਥੀਆਂ ਨਾਲ ਦੀਵਾਨ ਲਗਾਉਂਦੇ ਹੋਏ।



ਕਵੀਸ਼ਰ ਗੁਰਸੇਵਕ ਸਿੰਘ ਆਪਣੇ ਸਾਥੀਆਂ ਨਾਲ ਕਵੀਸ਼ਰੀ ਕਰਦੇ ਹੋਏ।

ਸੇਵਕ ਹਰਪਾਲ ਸਿੰਘ ਰਾਇਕੋਟ ਦੇ ਸ਼ਹੀਦਾਂ ਬਾਰੇ ਜਾਣਕਾਰੀ ਦਿੰਦੇ ਹੋਏ।